# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਨਾਮਵਰ ਲੇਖਕ ਅਤੇ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਦੇ ਅੰਤਿਮ ਸੰਸਕਾਰ ਮੌਕੇ ਕਈ ਨਾਮਵਰ ਸ਼ਖ਼ਸੀਅਤਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 15 ਜਨਵਰੀ : ਬੀਤੇ ਦਿਨ ਨਾਮਵਰ ਲੇਖਕ, ਉੱਚਕੋਟੀ ਦੇ ਫੋਟੋ ਪੱਤਰਕਾਰ, ਡੂੰਘੇ ਖੋਜਕਾਰ, ਨਿਪੁੰਨ ਸੰਪਾਦਕ ਅਤੇ ਬਹੁਪੱਖੀ ਸ਼ਖ਼ਸੀਅਤ ਜੈਤੇਗ ਸਿੰਘ ਅਨੰਤ ਦਾ ਅੰਤਿਮ ਸੰਸਕਾਰ ਕੀਤਾ ਗਿਆ। ਉਨ੍ਹਾਂ ਦੇ ਅੰਤਿਮ ਸੰਸਕਾਰ ਅਤੇ ਭੋਗ ਸਮੇਂ ਪਹੁੰਚੀਆਂ ਵੱਖ ਵੱਖ ਸ਼ਖ਼ਸੀਅਤਾਂ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਗਏ।

ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦੇ ਸੀ.ਈ.ਓ. ਗਿਆਨ ਸਿੰਘ ਸੰਧੂ, ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਜੈਤੇਗ ਸਿੰਘ ਅਨੰਤ ਸਿਦਕਵਾਨ, ਸਿਰੜੀ, ਧੁਨ ਦੇ ਪੱਕੇ ਅਤੇ ਕਰਮਯੋਗੀ ਸਨ ਅਤੇ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਉਹ ਦਿਨ ਰਾਤ ਆਪਣੇ ਲਿਖਣ ਅਤੇ ਸੰਪਾਦਨ ਦੇ ਕੰਮ ਵਿੱਚ ਜੁਟੇ ਰਹਿੰਦੇ ਹਨ। ਉਨ੍ਹਾਂ ਆਪਣਾ ਜੀਵਨ ਸਿੱਖੀ ਦੀ ਸੇਵਾ, ਸਿੱਖ ਵਿਚਾਰਧਾਰਾ ਦੇ ਪ੍ਰਚਾਰ, ਪਾਸਾਰ ਲਈ ਸਮਰਪਿਤ ਕੀਤਾ ਅਤੇ ਆਪਣੇ ਕੈਮਰੇ ਅਤੇ ਕਲਮ ਰਾਹੀਂ ਸਿੱਖ ਇਤਿਹਾਸ ਨੂੰ ਸੰਭਾਲਣ ਅਤੇ ਸਿੱਖ ਵਿਚਾਰਧਾਰਾ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਲਗਾਤਾਰ ਮਿਹਨਤ ਕੀਤੀ। ਉਹ ਪੰਥਕ ਵਿਰਾਸਤ ਨੂੰ ਇਕੱਠਾ ਕਰਨ, ਲਿਖਣ ਅਤੇ ਸੰਭਾਲ ਕੇ ਰੱਖਣ ਵਿੱਚ ਹਰ ਪਲ ਸੋਚਵਾਨ ਰਹਿੰਦੇ ਸਨ। ਉਹਨਾਂ ਨੇ ਮਾਂ ਬੋਲੀ ਪੰਜਾਬੀ ਦੀ ਝੋਲੀ ਵਿੱਚ ਲਗਭਗ ਦੋ ਦਰਜਨ ਪੁਸਤਕਾਂ ਪਾਈਆਂ। ਉਹ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਅਦੀਬਾਂ, ਫ਼ਨਕਾਰਾਂ ਲਈ ਸਾਹਿਤਕ ਪੁਲ ਸਨ ਅਤੇ ਉਨ੍ਹਾਂ ਗੁਰਮੁਖੀ ਦੇ ਪ੍ਰਚਾਰ,ਪਾਸਾਰ ਲਈ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ ਨੂੰ ਸ਼ਾਹਮੁਖੀ ਵਿਚ ਪ੍ਰਕਾਸ਼ਿਤ ਕਰਵਾ ਕੇ ਪਾਕਿਸਤਾਨ ਦੇ ਪੰਜਾਬੀ ਪਾਠਕਾਂ ਤੀਕ ਪੁਚਾਇਆ। ਉਨ੍ਹਾਂ ਦੇ ਮਹਾਨ ਕਾਰਜਾਂ ਸਦਕਾ ਦੋਹਾਂ ਪੰਜਾਬਾਂ ਵਿਚ ਉਨ੍ਹਾਂ ਨੂੰ ਬੇਹੱਦ ਮਾਣ ਸਤਿਕਾਰ ਮਿਲਿਆ।

ਇਸ ਮੌਕੇ ਨਾਮਧਾਰੀ ਸੰਸਥਾ ਦੇ ਮੁਖੀ ਠਾਕੁਰ ਦਲੀਪ ਸਿੰਘ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ ਯੂ.ਕੇ. ਦੇ ਸੰਚਾਲਕ ਜੁਝਾਰ ਸਿੰਘ, ਪੰਜਾਬ ਯੂਨੀਵਰਸਿਟੀ ਕਾਲਜ ਲਾਹੌਰ ਦੀ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ, ਐਸੋਸੀਏਟ ਪ੍ਰੋਫੈਸਰ ਪਰਮਜੀਤ ਕੌਰ, ਹਰਿਦਰਸ਼ਨ ਮੈਮੋਰੀਅਲ ਟਰੱਸਟ ਕੈਨੇਡਾ ਦੇ ਭਾਰਤ ਵਿਚ ਇੰਚਾਰਜ ਉਜਾਗਰ ਸਿੰਘ ਅਤੇ ਅਰਪਨ ਲਿਖਾਰੀ ਸਭਾ ਕੈਲਗਰੀ ਦੇ ਸਤਨਾਮ ਸਿੰਘ ਢਾਅ ਵੱਲੋਂ ਆਪਣੇ ਸ਼ੋਕ ਸੁਨੇਹਿਆਂ ਰਾਹੀਂ ਜੈਤੇਗ ਸਿੰਘ ਅਨੰਤ ਨੂੰ ਸ਼ਰਧਾਂਜਲੀ ਦਿੱਤੀ ਗਈ।

ਸ. ਅਨੰਤ ਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਸਪੁੱਤਰ ਕੁਲਬੀਰ ਸਿੰਘ ਅਨੰਤ, ਨੂੰਹ ਵੰਦਨਾ ਕੌਰ ਢੀਂਡਸਾ ਅਤੇ ਪਰਮਿੰਦਰ ਸਿੰਘ ਰੇਖੀ ਨੇ ਪਰਿਵਾਰ ਨਾਲ ਦੁੱਖ ਵੰਡਾਉਣ ਲਈ ਹਾਜਰ ਹੋਏ ਸਾਰੇ ਰਿਸ਼ਤੇਦਾਰਾਂ, ਦੋਸਤਾਂ, ਮਿੱਤਰਾਂ ਅਤੇ ਸ਼ੁੱਭਚਿੰਤਕਾਂ ਦਾ ਧੰਨਵਾਦ ਕੀਤਾ।

## ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਮਹਾਨ ਨਾਵਲਕਾਰ ਗੁਰਦਿਆਲ ਸਿੰਘ ਨੂੰ ਜਨਮ ਦਿਨ ‘ਤੇ ਯਾਦ ਕੀਤਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 15 ਜਨਵਰੀ : ਪੰਜਾਬੀ ਸਾਹਿਤ ਦੇ ਮਹਾਨ ਨਾਵਲਕਾਰ ਅਤੇ ਗਿਆਨਪੀਠ ਪੁਰਸਕਾਰ ਨਾਲ ਸਨਮਾਨਿਤ ਲੇਖਕ ਗੁਰਦਿਆਲ ਸਿੰਘ ਦੇ ਜਨਮ ਦਿਨ ਮੌਕੇ ਵੈਨਕੂਵਰ ਵਿਚਾਰ ਮੰਚ ਵੱਲੋਂ ਗੁਲਾਟੀ ਪਬਲਿਸ਼ਰਜ਼ ਲਿਮਿਟਿਡ, ਸਰੀ ਵਿਖੇ ਮੀਟਿੰਗ ਕੀਤੀ ਗਈ। ਇਸ ਸਮਾਗਮ ਵਿੱਚ ਲੇਖਕਾਂ, ਕਵੀਆਂ ਅਤੇ ਵਿਚਾਰਕਾਂ ਨੇ ਗੁਰਦਿਆਲ ਸਿੰਘ ਦੀ ਰਚਨਾਤਮਕ ਯਾਤਰਾ, ਉਨ੍ਹਾਂ ਦੇ ਦਰਸ਼ਨਕ ਨਜ਼ਰੀਏ ਅਤੇ ਪੰਜਾਬੀ ਨਾਵਲ ਨੂੰ ਦਿੱਤੀ ਲੋਕਧਾਰਾ ਬਾਰੇ ਗੰਭੀਰ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਗੁਰਦਿਆਲ ਸਿੰਘ ਦੀ ਲੇਖਣੀ ਕਿਸੇ ਕਲਪਨਾ-ਲੋਕ ਦੀ ਪੈਦਾਵਾਰ ਨਹੀਂ, ਸਗੋਂ ਜ਼ਮੀਨ ਨਾਲ ਜੁੜੀ ਮਨੁੱਖੀ ਹਕੀਕਤ ਦਾ ਸੱਚਾ ਦਸਤਾਵੇਜ਼ ਹੈ। ਉਨ੍ਹਾਂ ਨੇ ਦੱਸਿਆ ਕਿ ਲਿਖਾਰੀ ਸਭਾ ਬਰਨਾਲਾ ਵਰਗੀ ਸਰਗਰਮ ਸਾਹਿਤਕ ਸੰਸਥਾ ਰਾਹੀਂ ਉਨ੍ਹਾਂ ਦੀ ਗੁਰਦਿਆਲ ਸਿੰਘ ਨਾਲ ਨੇੜਤਾ ਬਣੀ। ਗੁਰਦਿਆਲ ਸਿੰਘ ਨੇ ਆਪਣੀ ਲੇਖਣ ਯਾਤਰਾ ਦੀ ਸ਼ੁਰੂਆਤ ਬਾਲ ਸਾਹਿਤ ਦੇ ਕਾਲਮ ‘ਬਕੱਲਮਖ਼ੁਦ’ ਨਾਲ ਕੀਤੀ, ਕੁਝ ਕਵਿਤਾਵਾਂ ‘ਗੁਰਦਿਆਲ ਸਿੰਘ ਰਾਹੀ’ ਦੇ ਨਾਂ ਨਾਲ ਵੀ ਲਿਖੀਆਂ, ਪਰ ਜਦੋਂ ਉਨ੍ਹਾਂ ਦਾ ਪਲੇਠਾ ਨਾਵਲ ‘ਮੜ੍ਹੀ ਦਾ ਦੀਵਾ’ ਸਾਹਮਣੇ ਆਇਆ ਤਾਂ ਪੰਜਾਬੀ ਨਾਵਲ ਦੀ ਦਿਸ਼ਾ ਹੀ ਬਦਲ ਗਈ। ਇਸ ਰਚਨਾ ਨੇ ਪੰਜਾਬੀ ਨਾਵਲ ਨੂੰ ਨਵੇਂ ਸਮਾਜਕ ਅਰਥ, ਨਵੀਂ ਭਾਸ਼ਾ ਅਤੇ ਨਵੇਂ ਨਾਇਕ ਦਿੱਤੇ।



ਸ਼ਾਇਰ ਮੋਹਨ ਗਿੱਲ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਵਿਚ ਰਾਜਸੀ ਜਾਂ ਆਦਰਸ਼ਵਾਦੀ ਨਾਇਕ ਦੀ ਥਾਂ ਆਮ ਮਨੁੱਖ ਨੂੰ ਕੇਂਦਰ ਵਿੱਚ ਲਿਆਂਦਾ। ਉਨ੍ਹਾਂ ਦੇ ਨਾਵਲਾਂ ਵਿੱਚ ਲੇਖਕ ਦੀ ਹਉਮੇ ਨਹੀਂ ਮਿਲਦੀ, ਸਗੋਂ ਪਾਤਰ ਆਪਣੀ ਅੰਦਰੂਨੀ ਟੁੱਟ-ਫੁੱਟ, ਸੰਘਰਸ਼ ਅਤੇ ਸੱਚਾਈ ਨਾਲ ਆਪ ਬੋਲਦੇ ਹਨ। ‘ਮੜ੍ਹੀ ਦਾ ਦੀਵਾ’ ਅਤੇ ‘ਅਣਹੋਏ’ ਨੂੰ ਉਨ੍ਹਾਂ ਨੇ ਸਮਾਜਕ ਚੇਤਨਾ ਦੇ ਸ਼ਾਹਕਾਰ ਦਸਤਾਵੇਜ਼ ਕਰਾਰ ਦਿੱਤਾ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰਦਿਆਲ ਸਿੰਘ ਨੇ ਠੇਠ ਮਲਵਈ ਭਾਸ਼ਾ ਨੂੰ ਸਾਹਿਤਕ ਮਰਯਾਦਾ ਦੇ ਕੇ ਲੋਕ ਬੋਲਚਾਲ ਨੂੰ ਨਾਵਲ ਦੀ ਭਾਸ਼ਾ ਬਣਾਇਆ।

ਨਾਮਵਰ ਸ਼ਾਇਰ ਜਸਵਿੰਦਰ ਨੇ ਕਿਹਾ ਕਿ ਗੁਰਦਿਆਲ ਸਿੰਘ ਦੀ ਲੇਖਣੀ ਵਿਚ ਕਲਪਨਾ ਦੀ ਚਮਕ ਨਹੀਂ, ਸਗੋਂ ਸੱਚ ਦੀ ਤਪਸ਼ ਹੈ। ਉਨ੍ਹਾਂ ਅਨੁਸਾਰ ਗੁਰਦਿਆਲ ਸਿੰਘ ਸਮਾਜ ਦੇ ਹਾਸ਼ੀਏ ’ਤੇ ਖੜੇ ਮਨੁੱਖਾਂ ਦੀ ਅਵਾਜ਼ ਬਣੇ, ਜਿੱਥੇ ਦਰਦ ਬਿਆਨ ਨਹੀਂ ਕੀਤਾ ਜਾਂਦਾ, ਸਗੋਂ ਜੀਅ ਕੇ ਲਿਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੁਰਦਿਆਲ ਸਿੰਘ ਦੀ ਰਚਨਾ ਪਾਠਕ ਨੂੰ ਸਿਰਫ਼ ਪੜ੍ਹਨ ਲਈ ਮਜਬੂਰ ਨਹੀਂ ਕਰਦੀ, ਸਗੋਂ ਆਪਣੇ ਅੰਦਰ ਝਾਕਣ ਲਈ ਵੀ ਮਜਬੂਰ ਕਰਦੀ ਹੈ।

ਇਸ ਮੌਕੇ ਤਰਲੋਚਨ ਤਰਨਤਾਰਨ ਨੇ ਕਿਹਾ ਕਿ ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਨੂੰ ਮਨੋਰੰਜਨ ਦੀ ਹੱਦ ਤੋਂ ਬਾਹਰ ਕੱਢ ਕੇ ਸਮਾਜਕ ਜ਼ਿੰਮੇਵਾਰੀ ਨਾਲ ਜੋੜਿਆ। ਉਨ੍ਹਾਂ ਦੀ ਕਲਮ ਕਿਸਾਨ, ਮਜ਼ਦੂਰ, ਔਰਤ ਅਤੇ ਦਬੇ-ਕੁਚਲੇ ਵਰਗਾਂ ਦੀ ਸਾਂਝੀ ਸੰਵੇਦਨਾ ਬਣ ਕੇ ਉਭਰੀ। ਗੁਰਦਿਆਲ ਸਿੰਘ ਦੇ ਪਾਤਰ ਆਪਣੇ ਨਾਲ ਕਦੇ ਬੇਇਨਸਾਫੀ ਨਹੀਂ ਸਹਿਣ ਕਰਦੇ, ਆਪਣੀ ਹਾਰ, ਚੁੱਪ ਅਤੇ ਦਰਦ ਨੂੰ ਵੀ ਇਮਾਨਦਾਰੀ ਨਾਲ ਦਰਜ ਕਰਦੇ ਹਨ।

ਹਰਦਮ ਸਿੰਘ ਮਾਨ ਨੇ ਗੁਰਦਿਆਲ ਸਿੰਘ ਨੂੰ ਨਤਮਸਤਕ ਹੁੰਦਿਆਂ ਕਿਹਾ ਕਿ ਉਨ੍ਹਾਂ ਦੀ ਸਾਹਿਤਕ ਬੁੱਕਲ ਵਿੱਚ ਬੈਠਣਾ ਇਕ ਵਿਰਲਾ ਅਨੁਭਵ ਸੀ। ਉਹ ਦਰਵੇਸ਼ ਸੁਭਾਉ ਵਾਲੇ ਮਨੁੱਖ, ਗੰਭੀਰ ਚਿੰਤਕ ਅਤੇ ਸਮੇਂ ਦੀ ਨਬਜ਼ ਨੂੰ ਪਛਾਣਨ ਵਾਲੇ ਸਾਹਿਤਕਾਰ ਸਨ। ਉਨ੍ਹਾਂ ਦਾ ਜੀਵਨ ਸ਼ੁਰੂ ਤੋਂ ਹੀ ਸੰਘਰਸ਼ਮਈ ਰਿਹਾ, ਜਿਸ ਨੇ ਉਨ੍ਹਾਂ ਦੀ ਲੇਖਣੀ ਨੂੰ ਹਕੀਕੀ ਰੂਪ ਦਿੱਤਾ। ਦਸ ਨਾਵਲਾਂ, ਦਸ ਕਹਾਣੀ ਸੰਗ੍ਰਿਹਾਂ, ਤਿੰਨ ਨਾਟਕਾਂ ਅਤੇ ਦਸ ਬਾਲ ਪੁਸਤਕਾਂ ਰਾਹੀਂ ਉਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਵਿਸ਼ਾਲ ਯੋਗਦਾਨ ਪਾਇਆ, ਜਿਸ ਦੇ ਸਨਮਾਨ ਵਜੋਂ ਉਨ੍ਹਾਂ ਨੂੰ ਗਿਆਨਪੀਠ ਸਮੇਤ ਅਨੇਕ ਵੱਡੇ ਸਾਹਿਤਕ ਮਾਣ ਪ੍ਰਾਪਤ ਹੋਏ।

ਅੰਗਰੇਜ਼ ਬਰਾੜ ਨੇ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਬਰਜਿੰਦਰਾ ਕਾਲਜ, ਫਰੀਦਕੋਟ ਵਿੱਚ ਵਿਦਿਆਰਥੀ ਜੀਵਨ ਦੌਰਾਨ ਗੁਰਦਿਆਲ ਸਿੰਘ ਨੂੰ ਅਧਿਆਪਕ ਵਜੋਂ ਦੇਖਣਾ ਆਮ ਗੱਲ ਲੱਗਦੀ ਸੀ, ਪਰ ਸਮੇਂ ਨੇ ਸਾਬਤ ਕਰ ਦਿੱਤਾ ਕਿ ਉਹ ਆਪਣੇ ਯੁੱਗ ਦੇ ਸਭ ਤੋਂ ਵੱਡੇ ਸਾਹਿਤਕਾਰਾਂ ਵਿੱਚੋਂ ਇਕ ਸਨ। ਉਨ੍ਹਾਂ ਕਿਹਾ ਕਿ ਗੁਰਦਿਆਲ ਸਿੰਘ ਨੇ ਪੰਜਾਬੀ ਸਾਹਿਤ ਵਿੱਚ ਅਜਿਹੀਆਂ ਪੈੜਾਂ ਛੱਡੀਆਂ ਹਨ ਜੋ ਸਮੇਂ ਨਾਲ ਹੋਰ ਗਹਿਰੀਆਂ ਹੁੰਦੀਆਂ ਜਾਣਗੀਆਂ।

## ਆਸਟ੍ਰੇਲੀਆ ਵਿੱਚ ਵਾਪਰੇ ਸੜਕ ਹਾਦਸੇ ’ਚ ਟਰੱਕ ਸਮੇਤ ਜਿਉਂਦਾ ਸੜਿਆ ਕੋਟਕਪੂਰੇ ਦਾ ਨੌਜਵਾਨ

### ਮਾਪਿਆਂ ਦਾ ਇਕਲੌਤਾ ਪੁੱਤਰ ਦੀ ਗੁਰਜੰਟ ਸਿੰਘ, ਵਿਆਹ ਦੀਆਂ ਕੀਤੀਆਂ ਜਾ ਰਹੀਆਂ ਸਨ ਤਿਆਰੀਆਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 15 ਜਨਵਰੀ : ਸਥਾਨਕ ਮੋਗਾ ਰੋਡ ’ਤੇ ਰਹਿੰਦੇ ਕੋਟਕਪੂਰਾ ਦੇ ਨਾਮੀ ਸੰਘਾ ਪਰਿਵਾਰ ਦੇ ਨੌਜਵਾਨ ਲੜਕੇ ਦੀ ਆਸਟਰੇਲੀਆ ਵਿੱਚ ਇੱਕ ਹਾਦਸੇ ਦੌਰਾਨ ਮੌਤ ਹੋ ਜਾਣ ਦੀ ਦੁਖਦਾਇਕ ਖਬਰ ਮਿਲੀ ਹੈ। ਇਸ ਹੋਣਹਾਰ ਨੌਜਵਾਨ ਦੀ ਮੌਤ ਕਾਰਨ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ, 32 ਸਾਲਾ ਨੌਜਵਾਨ ਗੁਰਜੰਟ ਸਿੰਘ ਪੁੱਤਰ ਮਹਿੰਦਰ ਸਿੰਘ ਸੰਘਾ ਵਾਸੀ ਕੋਟਕਪੂਰਾ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਤਕਰੀਬਨ ਪੰਜ ਸਾਲ ਪਹਿਲਾਂ ਆਪਣੀਆਂ ਭੈਣਾਂ ਕੋਲ ਆਸਟ੍ਰੇਲੀਆ ਗਿਆ ਸੀ। ਮਾਪਿਆਂ ਵਲੋਂ ਉਸਦੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ ਅਤੇ ਸ਼ਹਿਨਾਈਆਂ ਦੀ ਥਾਂ ਘਰ ਵਿੱਚ ਸੱਥਰ ਵਿਛ ਜਾਣ ਕਰਕੇ ਇਲਾਕੇ ਵਿੱਚ ਮਾਤਮ ਛਾਇਆ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਗੁਰਜੰਟ ਸਿੰਘ ਦੇ ਚਾਚੇ ਪ੍ਰਿਥੀ ਸਿੰਘ ਸੰਘਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਕੋਟਕਪੂਰਾ ਨੇ ਦੱਸਿਆ ਕਿ ਗੁਰਜੰਟ ਸਿੰਘ ਆਸਟ੍ਰੇਲੀਆ ਦੇ ਸਮੇਂ ਅਨੁਸਾਰ ਸਵੇਰੇ 12:30 ਵਜੇ ਦੇ ਕਰੀਬ ਟਰਾਲਾ ਲੈ ਕੇ ਨਿਕਲਿਆ ਅਤੇ ਜਦ ਉਹ ਹਾਈਵੇ ’ਤੇ ਚੜਿਆ ਤਾਂ ਉਹ ਟਰਾਲੇ ਤੋਂ ਸੰਤੁਲਨ ਗਵਾ ਬੈਠਾ, ਜਿਸ ਦੌਰਾਨ ਟਰਾਲਾ ਡਿੱਗ ਪਿਆ ਅਤੇ ਉਸਨੂੰ ਅੱਗ ਪੈ ਗਈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਉੱਥੋਂ ਮਿਲੀ ਜਾਣਕਾਰੀ ਅਨੁਸਾਰ ਪੁਲਿਸ ਪ੍ਰਸ਼ਾਸ਼ਨ ਨੇ ਮ੍ਰਿਤਕ ਦੀ ਲਾਸ਼ ਕਬਜੇ ਵਿੱਚ ਲੈ ਲਈ ਹੈ, ਜੋ ਕਿ ਕਾਫੀ ਹੱਦ ਤੱਕ ਸੜ ਜਾਣ ਕਰਕੇ ਬੇ-ਪਛਾਣ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਗੁਰਜੰਟ ਸਿੰਘ ਪੰਜ ਸਾਲ ਤੋਂ ਆਸਟ੍ਰੇਲੀਆ ਰਹਿ ਰਿਹਾ ਸੀ ਅਤੇ ਹੁਣ ਉਸ ਵੱਲੋਂ ਪੀ.ਆਰ. ਅਪਲਾਈ ਕੀਤੀ ਗਈ ਸੀ ਪਰ ਇਹ ਭਾਣਾ ਵਰਤ ਗਿਆ। ਉਨ੍ਹਾਂ ਦੱਸਿਆ ਕਿ ਪਰਿਵਾਰ ਵੱਲੋਂ ਆਸਟ੍ਰੇਲੀਆ ਸਰਕਾਰ ਤੋਂ ਕਲੀਅਰੈਂਸ ਮਿਲਣ ਦੀ ਉਡੀਕ ਕੀਤੀ ਜਾ ਰਹੀ ਹੈ, ਤਾਂ ਜੋ ਮ੍ਰਿਤਕ ਸਰੀਰ ਨੂੰ ਕੋਟਕਪੂਰਾ ਲਿਆਂਦਾ ਜਾ ਸਕੇ।

## ਮੁੱਖ ਮੰਤਰੀ ਦੀ ਮੌਜੂਦਗੀ ਤੋਂ ਕਰੀਬ 15 ਕਿਲੋਮੀਟਰ ਦੀ ਦੂਰੀ ਤੇ ਇੱਕ ਪ੍ਰਾਈਵੇਟ ਸਕੂਲ ਵੱਲੋਂ ਕੀਤੀ ਗਈ ਸਰਕਾਰੀ ਹੁਕਮਾਂ ਦੀ ਹੁਕਮ ਅਦੂਲੀ

### ਸਥਾਨਕ ਲੋਕਾਂ ਵੱਲੋਂ ਅਜਿਹੇ ਸਕੂਲਾਂ ਖਿਲਾਫ਼ ਉੱਚ ਅਧਿਕਰੀਆਂ ਤੋਂ ਕੀਤੀ ਸਖ਼ਤ ਕਾਰਵਾਈ ਦੀ ਮੰਗ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਸੰਗਤ ਮੰਡੀ 15 ਜਨਵਰੀ : ਕਈ ਸਰਕਾਰੀ ਮਹਿਕਮਿਆਂ ਵੱਲੋਂ ਪੰਜਾਬ ਦੀ ਮੌਜੂਦਾ ਸਰਕਾਰ ਦੇ ਹੁਕਮਾਂ ਦੇ ਉਲਟ ਕੰਮ ਕਰਨ ਦੀਆਂ ਖਬਰਾਂ ਅਕਸਰ ਅਖ਼ਬਾਰਾਂ ਦੀ ਸੁਰਖ਼ੀ ਬਣਦੀਆਂ ਰਹਿੰਦੀਆਂ ਨੇ ਜੋ ਕਿ ਸਰਕਾਰ ਦੀ ਕਿਰਕਰੀ ਦਾ ਕਾਰਨ ਬਣਦੀਆਂ ਹਨ। ਸਿਰਫ਼ ਇਨ੍ਹਾਂ ਹੀ ਨਹੀਂ ਅਜਿਹੀਆਂ ਗਤੀਵਿਧੀਆਂ ਕਰਕੇ ਅਕਸਰ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਉੱਤੇ ਘੱਟ ਤਜ਼ਰਬੇਕਾਰ ਸਰਕਾਰ ਹੋਣ ਦੇ ਇਲਜ਼ਾਮ ਤੱਕ ਲਗਦੇ ਆਏ ਹਨ। ਤਾਜ਼ਾ ਮਾਮਲਾ ਜ਼ਿਲ੍ਹਾ ਬਠਿੰਡਾ ਦੇ ਪਿੰਡ ਘੁੱਦਾ ਦੇ ਇੱਕ ਪ੍ਰਾਈਵੇਟ ਸਕੂਲ਼ ਦਾ ਹੈ ਜਿਹੜਾ ਕਿ ਪੰਜਾਬ ਸਰਕਾਰ ਦੀ ਹੁਕਮ ਅਦੂਲੀ ਕਾਰਨ ਚਰਚਾ ਚ ਬਣਿਆਂ ਹੋਇਆ ਹੈ।


ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਇੰਨੀ ਦਿਨੀ ਅੱਤ ਦੀ ਪੈ ਰਹੀ ਸਰਦੀ ਨੂੰ ਦੇਖਦਿਆਂ ਹੋਇਆਂ ਪੰਜਾਬ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲ 13 ਜਨਵਰੀ ਤੱਕ ਬੰਦ ਰੱਖਣ ਦੇ ਆਦੇਸ਼ ਜਾਰੀ ਕੀਤੇ ਹੋਏ ਹਨ ਪਰ ਲਗਦਾ ਹੈ ਇਹ ਹੁਕਮ ਜ਼ਿਲ੍ਹਾ ਬਠਿੰਡਾ ਦੇ ਬਲਾਕ ਸੰਗਤ ਦੇ ਪਿੰਡ ਘੁੱਦਾ ਵਿਖੇ ਚੱਲ ਰਹੇ ਇੱਕ ਪ੍ਰਾਈਵੇਟ ਵੀਟ ਫੀਲਡ ਪਬਲਿਕ ਸਕੂਲ ਉੱਤੇ ਲਾਗੂ ਨਹੀਂ ਹੁੰਦੇ। ਸ਼ਾਇਦ ਇਹੀ ਕਾਰਨ ਹੈ ਕਿ ਉਕਤ ਸਕੂਲ਼ ਦੇ ਮਾਲਕ ਵੱਲੋਂ ਇੰਨਾ ਹੁਕਮਾਂ ਦੀ ਪਾਲਣਾ ਕਰਨਾ ਜ਼ਰੂਰੀ ਨਹੀਂ ਸਮਝਿਆ ਜਾ ਰਿਹਾ ਅਤੇ ਅੱਤ ਦੀ ਸਰਦੀ ਹੋਣ ਦੇ ਬਾਵਜੂਦ ਆਮ ਦਿਨਾਂ ਦੇ ਵਾਂਗ ਹੀ ਇਸ ਸਕੂਲ ਵਿੱਚ ਸਕੂਲੀ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬੁਲਾਇਆ ਜਾ ਰਿਹਾ ਹੈ। ਇਸ ਬਾਰੇ ਪ੍ਰੈੱਸ ਨਾਲ ਗੱਲ ਕਰਦਿਆਂ ਪਿੰਡ ਚੱਕ ਅੱਤਰ ਸਿੰਘ ਵਾਲਾ ਦੇ ਗੁਰਜੀਤ ਚੋਹਾਨ ਅਤੇ ਪਿੰਡ ਘੁੱਦਾ ਦੇ ਨੋਜਵਾਨ ਗੁਰਜੰਟ ਸਿੰਘ ਨੇ ਦੱਸਿਆ ਕਿ ਬੇਸ਼ੱਕ ਪੰਜਾਬ ਸਰਕਾਰ ਨੇ ਬੱਚਿਆਂ ਦੀ ਸਿਹਤ ਨੂੰ ਧਿਆਨ ਚ ਰੱਖਦੇ ਹੋਏ ਸਾਰੇ ਸਕੂਲ਼ ਬੰਦ ਰੱਖਣ ਦੇ ਹੁਕਮ ਦਿੱਤੇ ਹੋਏ ਹਨ ਪਰ ਵੀਟ ਫੀਲਡ ਪਬਲਿਕ ਸਕੂਲ ਘੁੱਦਾ ਦੇ ਮਾਲਕ ਵੱਲ਼ੋਂ ਸਰਕਾਰ ਦੇ ਹੁਕਮਾਂ ਨੂੰ ਟਿੱਚ ਸਮਝਦੇ ਹੋਏ ਸਕੂਲ ਖੋਲ੍ਹ ਕੇ ਫੰਕਸ਼ਨ ਕੀਤੇ ਜਾ ਰਹੇ ਹਨ ।ਉਨ੍ਹਾਂ ਕਿਹਾ ਕਿ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨ ਵਾਲ਼ੇ ਇਸ ਸਕੂਲ ਖ਼ਿਲਾਫ਼ ਜ਼ਿਲ੍ਹਾ ਪ੍ਰਸਾਸ਼ਨ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਬਾਰੇ ਜਦੋਂ ਡੀ ਈ ਓ ਮਮਤਾ ਖੁਰਾਣਾ ਸੇਠੀ ਅਤੇ ਡਿਪਟੀ ਡੀਈਓ ਚਮਕੌਰ ਸਿੰਘ ਨਾਲ ਉਨ੍ਹਾਂ ਦੇ ਫੋਨ ਤੇ ਇਸ ਖੋਲੇ ਗਏ ਸਕੂਲ ਬਾਰੇ ਗੱਲ਼ ਕੀਤੀ ਗਈ ਤਾਂ ਉਨਾਂ ਕਿਹਾ ਕਿ ਸਰਕਾਰ ਵੱਲੋਂ ਸਕੂਲਾਂ ਵਿੱਚ ਛੁੱਟੀਆਂ ਕੀਤੀਆਂ ਗਈਆਂ ਹਨ ਅਤੇ ਜੇਕਰ ਕਿਸੇ ਪ੍ਰਾਈਵੇਟ ਸਕੂਲ ਮਾਲਕ ਵੱਲੋਂ ਸਿੱਖਿਆ ਵਿਭਾਗ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ ਤਾਂ ਉਕਤ ਸਕੂਲ਼ ਖਿਲਾਫ਼ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਦੱਸਣਾ ਬਣਦਾ ਹੈ ਕਿ ਇੱਕ ਪਾਸੇ ਤਾਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭਾਰੀ ਸਰਕਾਰੀ ਅਮਲੇ ਦੀ ਮੌਜੂਦਗੀ ਵਿੱਚ ਬਠਿੰਡਾ ਵਿਖੇ ਇੱਕ ਓਵਰ ਬ੍ਰਿਜ ਦਾ ਉਦਘਾਟਨ ਕੀਤਾ ਜਾ ਰਿਹਾ ਸੀ ਅਤੇ ਦੂਜੇ ਪਾਸੇ ਇਸਤੋਂ ਕੇਵਲ 15 ਕਿਲੋਮੀਟਰ ਦੂਰ ਇੱਕ ਪ੍ਰਾਈਵੇਟ ਸਕੂਲ ਵੱਲੋਂ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨਾ ਕਈ ਸਵਾਲ ਖੜ੍ਹੇ ਕਰਦਾ ਹੈ।

## ਮੰਗਵਾਲ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਰਵਿਸ ਸਭਾ ਵੱਲੋਂ ਇਫਕੋ ਦੇ ਸਹਿਯੋਗ ਨਾਲ ਕੰਬਲ ਵੰਡ ਸਮਾਰੋਹ

ਵਰਲਡ ਪੰਜਾਬੀ ਟਾਈਮਜ਼ ਜਗਦੀਪ ਸਿੰਘ ਐਡਵੋਕੇਟ

ਸੰਗਰੂਰ 15 ਜਨਵਰੀ : ਦੀ ਮੰਗਵਾਲ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਰਵਿਸ ਸਭਾ ਵੱਲੋਂ ਆਯੋਜਿਤ ਪ੍ਰਭਾਵਸ਼ਾਲੀ ਸਮਾਗਮ ਵਿੱਚ ਸਭਾ ਦੇ ਪ੍ਰਧਾਨ ਸ. ਜਗਦੀਪ ਸਿੰਘ ਐਡਵੋਕੇਟ ਅਤੇ ਸਮੂਹ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਉੱਦਮ ਤੇ ਪ੍ਰੇਰਨਾ ਸਦਕਾ ਇਫਕੋ ਵੱਲੋਂ 80 ਦੇ ਕਰੀਬ ਲੋੜਵੰਦ ਵਿਅਕਤੀਆਂ ਨੂੰ ਕੰਬਲ ਵੰਡੇ ਗਏ। ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਕਰਨਵੀਰ ਸਿੰਘ ਰੰਧਾਵਾ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਸੰਗਰੂਰ ਸਨ। ਪ੍ਰਧਾਨਗੀ ਸ਼੍ਰੀ ਦਿਨੇਸ਼ ਜਿੰਦਲ ਇੰਚਾਰਜ ਇਫਕੋ ਸੰਗਰੂਰ ਨੇ ਕੀਤੀ। ਜਦ ਕਿ ਸ਼੍ਰੀਮਤੀ ਸਪਿੰਦਰ ਕੌਰ ਇੰਸਪੈਕਟਰ ਸਹਿਕਾਰੀ ਸਭਾਵਾਂ ਵਿਸ਼ੇਸ਼ ਮਹਿਮਾਨ ਅਤੇ ਸ. ਮਾਲਵਿੰਦਰ ਸਿੰਘ ਸੁਪਰਡੰਟ ਦਫਤਰ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਸੰਗਰੂਰ ਸਨਮਾਨਤ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਸ. ਜਗਦੀਪ ਸਿੰਘ ਐਡਵੋਕੇਟ ਪ੍ਰਧਾਨ ਸਭਾ ਨੇ ਮਹਿਮਾਨਾਂ ਨੂੰ ਜੀ ਆਇਆਂ ਕਹਿੰਦੇ ਹੋਏ ਸਭਾ ਦੀ ਕਾਰਗੁਜ਼ਾਰੀ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਦੱਸਿਆ ਕਿ ਸਭਾ ਬੜੇ ਗੰਭੀਰ ਸੰਕਟਾਂ ਵਿੱਚੋਂ ਨਿੱਕਲ ਕੇ ਇਸ ਮੁਕਾਮ ਤੇ ਪਹੁੰਚੀ ਹੈ। ਉਨ੍ਹਾਂ ਨੇ ਆਪਣੀ ਸਮੁੱਚੀ ਟੀਮ ਦੇ ਸਹਿਯੋਗ ਦੀ ਪ੍ਰਸ਼ੰਸਾ ਕਰਦੇ ਹੋਏ ਇਫਕੋ ਦੇ ਅਧਿਕਾਰੀਆਂ ਅਤੇ ਸਾਹਿਕਾਰਤਾ ਵਿਭਾਗ ਦਾ ਧੰਨਵਾਦ ਕੀਤਾ। ਸ. ਗੋਬਿੰਦਰ ਸਿੰਘ ਨੇਤਾ ਭਾਰਤੀ ਕਿਸਾਨ ਯੂਨੀਅਨ ਨੇ ਵਿਭਾਗ, ਇਫਕੋ ਅਤੇ ਸਹਿਕਾਰੀ ਸਭਾ ਮੰਗਵਾਲ ਦੇ ਉੱਦਮ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਹ ਸਾਡੀ ਸਭਾ ਦੇ ਪ੍ਰਧਾਨ ਸ. ਜਗਦੀਪ ਸਿੰਘ ਐਡਵੋਕੇਟ ਦੀ ਸੁਚੱਜੀ ਦੇਖ ਰੇਖ ਦੇ ਸਦਕਾ ਹੀ ਸਹਿਕਾਰੀ ਸਭਾ ਦੀ ਹੋਂਦ ਬਰਕਰਾਰ ਰਹਿ ਸਕੀ ਹੈ। ਸ. ਕਰਨਵੀਰ ਸਿੰਘ ਰੰਧਾਵਾ ਡਿਪਟੀ ਰਜਿਸਟਰਾਰ ਨੇ ਕਿਹਾ ਕਿ ਅੱਜ ਦਾ ਸਮਾਗਮ ਬੜਾ ਪ੍ਰਭਾਵਸ਼ਾਲੀ ਹੈ। ਮਹਿਕਮੇ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇ ਕੇ ਸਭਾ ਨੂੰ ਸੰਕਟ ਵਿੱਚੋਂ ਕੱਢਿਆ ਅਤੇ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿੱਚ ਵੀ ਸਭਾ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।



ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਇਫਕੋ ਦੇ ਇੰਚਾਰਜ ਸ੍ਰੀ ਦਿਨੇਸ਼ ਜਿੰਦਲ ਨੇ ਇਫਕੋ ਦੀਆਂ ਗਤੀਵਿਧੀਆਂ ਦੱਸਦੇ ਹੋਏ ਕਿਸਾਨਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੀ ਵਚਨਬੱਧਤਾ ਦੁਹਰਾਈ। ਉਨ੍ਹਾਂ ਨੇ ਸਹਿਕਾਰੀ ਸਭਾ ਦੀ ਕਾਰਗੁਜਾਰੀ ਅਤੇ ਪ੍ਰਬੰਧਕਾਂ ਦੀ ਪ੍ਰਸ਼ੰਸਾ ਕੀਤੀ ਅਤੇ ਇਹ ਵੀ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਸਭਾ ਨੂੰ ਖਾਦ ਅਤੇ ਹੋਰ ਵਸਤਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਸਮਾਗਮ ਵਿੱਚ ਸ. ਜਗਰਾਜ ਸਿੰਘ ਮੀਤ ਪ੍ਰਧਾਨ, ਅੰਗਰੇਜ ਸਿੰਘ, ਅਵਤਾਰ ਸਿੰਘ, ਗੁਰਮੀਤ ਸਿੰਘ, ਜਰਨੈਲ ਸਿੰਘ, ਜਸਪਾਲ ਸਿੰਘ, ਸ੍ਰੀਮਤੀ ਸੁਨੀਤਾ ਸਾਰੇ ਕਮੇਟੀ ਮੈਂਬਰਾਨ ਅਤੇ ਪਿੰਡ ਦੇ ਪਤਵੰਤੇ ਸੱਜਣ ਜਿੰਨਾਂ ਵਿੱਚ ਗੁਰਦੀਪ ਸਿੰਘ ਮਿੰਟਾ, ਹਰਜਿੰਦਰ ਸਿੰਘ ਸਨੀ, ਗੋਬਿੰਦਰ ਸਿੰਘ, ਗੁਰਚਰਨ ਸਿੰਘ, ਰਾਹੁਲ ਸ਼ਰਮਾ, ਸਰਬਜੀਤ ਸਿੰਘ, ਨਿਹਾਲ ਸਿੰਘ ਮਾਨ, ਡਾ. ਭਗਵੰਤ ਸਿੰਘ, ਗੁਰਨਾਮ ਸਿੰਘ, ਕਰਨੈਲ ਸਿੰਘ ਆਦਿ ਹਾਜ਼ਰ ਸਨ। ਸਭਾ ਦੇ ਮੀਤ ਪ੍ਰਧਾਨ ਜਗਰਾਜ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਭਾ ਦੇ ਸਕੱਤਰ ਸੰਦੀਪ ਸਿੰਘ ਇਸ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜਿਆ।

## ਹਮੇਸ਼ਾ ਚੜ੍ਹਦੀਕਲਾ 'ਚ ਰਹਿਣ ਵਾਲਾ ਪੂਰਨ ਗੁਰਸਿੱਖ ਅਕਬਾਲ ਸਿੰਘ ਹੈਪੀ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ



ਗੁਰਬਾਣੀ ਵਿੱਚ ਮੌਤ ਸਬੰਧੀ ਅਕਾਲ ਪੁਰਖ ਦੇ ਭਾਣੇ ਨੂੰ ਸਵੀਕਾਰ ਕਰਨ ਬਾਰੇ ਜ਼ਿਕਰ ਆਉਂਦਾ ਹੈ , ਮੌਤ ਅਤੇ ਜ਼ਿੰਦਗੀ ਬਾਰੇ ਮਨੁੱਖ ਦੇ ਹੱਥ ਵਸ ਕੁਝ ਨਹੀਂ ਜਿਵੇਂ, "ਮਾਰੈ ਰਾਖੈ ਏਕੋ ਆਪਿ । ਮਾਨੁਖ ਕੈ ਕਿਛੁ ਨਾਹੀ ਹਾਥਿ ।" ਇਸੇ ਤਰ੍ਹਾਂ ਪਿਛਲੇ ਦਿਨੀਂ ਹਮੇਸ਼ਾ ਚੜ੍ਹਦੀਕਲਾ ਵਿੱਚ ਰਹਿਣ ਵਾਲੇ ਗੁਰਸਿੱਖੀ ਨਾਲ ਜੁੜੇ ਅਕਬਾਲ ਸਿੰਘ ਹੈਪੀ ਆਪਣੀ ਇਸ ਫਾਨੀ ਸੰਸਾਰ ਤੋਂ ਵਾਹਿਗੁਰੂ ਵਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਨੂੰ ਪੂਰੀ ਕਰਦੇ ਹੋਏ ਸਦੀਵੀ ਸਰੀਰਕ ਵਿਛੋੜਾ ਦੇ ਗਏ । ਉਨ੍ਹਾਂ ਦਾ ਜਨਮ ਸਵ: ਸ੍ਰ. ਮਹਿੰਦਰ ਸਿੰਘ (ਦੰਦਰਾਲਾ ਢੀਂਡਸਾ ) ਦੇ ਘਰ ਸਵ: ਮਾਤਾ ਰਜਿੰਦਰ ਕੌਰ ਦੀ ਕੁੱਖੋਂ ਲੁਧਿਆਣਾ ਵਿਖੇ 1 ਅਕਤੂਬਰ 1970 ਨੂੰ ਹੋਇਆ । ਉਨ੍ਹਾਂ ਦੇ ਪਿਤਾ ਜੀ ਹੌਜ਼ਰੀ ਦਾ ਕੰਮ ਕਰਦੇ ਸੀ । ਉਨ੍ਹਾਂ ਆਪਣੇ ਘਰ ਵਿੱਚ ਹੀ ਹੌਜ਼ਰੀ ਦਾ ਕੰਮ ਬੇਟੇ ਅਕਬਾਲ ਸਿੰਘ ਅਤੇ ਛੋਟੇ ਬੇਟੇ ਸੁਖਵਿੰਦਰ ਸਿੰਘ ਡਿੰਪਲ ਨੂੰ ਉਨ੍ਹਾਂ ਦੀ ਗਰੇਜੂਏਸ਼ਨ ਕਰਨ ਬਾਦ ਸ਼ੁਰੂ ਕਰਕੇ ਦਿੱਤਾ ।ਇਕਬਾਲ ਸਿੰਘ ਦਾ ਵਿਆਹ ਸ੍ਰੀ ਸੁਭਾਸ਼ ਚੋਧਰੀ ਦੀ ਬੇਟੀ ਰਿਤੂ ਚੋਧਰੀ (ਬੋਬੀ ) ਨਾਲ ਲੁਧਿਆਣਾ ਵਿਖੇ ਹਿੰਦੂ ਪਰਿਵਾਰ ਵਿੱਚ ਹੋਇਆ । ਉਨ੍ਹਾਂ ਦੇ ਘਰ ਦੋ ਬੇਟੀਆਂ ਅਤੇ ਇੱਕ ਬੇਟੇ ਨੇ ਜਨਮ ਲਿਆ । ਵੱਡੀ ਬੇਟੀ ਸਿਮਰਨ ਕੌਰ ਕਨੇਡਾ ਵਿਖੇ ਆਪਣੇ ਪਤੀ ਬਲਦੀਪ ਸਿੰਘ ਨਾਲ ਰਹਿ ਰਹੀ ਹੈ , ਛੋਟੀ ਬੇਟੀ ਤਾਨਿਆ ਸਿੰਘ ਪੋਸਟ-ਗਰੇਜੂਏਸ਼ਨ ਕਰ ਰਹੀ ਹੈ । ਬੇਟਾ ਜੋਗਰਾਜ ਜੰਗ ਫਤਿਹ ਸਿੰਘ ਦਸਵੀਂ ਜਮਾਤ ਵਿੱਚ ਪੜ੍ਹ ਰਿਹਾ ਹੈ । ਹੋਜ਼ਰੀ ਦੇ ਕੰਮ 'ਚ ਦਿਲਚਸਪੀ ਨਾ ਹੋਣ ਕਾਰਨ ਇਸ ਕੰਮ ਨੂੰ ਤਿਲਾਂਜਲੀ ਦੇ ਕੇ ਉਸ ਨੇ 'ਜੇ.ਜੇ. ਫਤਿਹ ਸਿੰਘ ਐਂਡ ਕੰਪਨੀ' ਖੋਲ੍ਹ ਕੇ ਪ੍ਰਾਪਰਟੀ ਐਡਵਾਈਜ਼ਰ ਦਾ ਕੰਮ ਮੋਤੀ ਨਗਰ ਲੁਧਿਆਣਾ ਵਿਖੈ ਦਫਤਰ ਖੋਲ੍ਹ ਕੇ ਸ਼ੁਰੂ ਕਰ ਲਿਆ , ਜੋ ਪਿਛਲੇ ਦੋ ਦਹਾਕਿਆਂ ਤੋਂ ਵਧੀਆ ਚਲ ਰਿਹਾ ਸੀ । ਉਸ ਦਾ ਦੋਸਤਾਨਾ ਦਾਇਰਾ ਬਹੁਤ ਵਿਸਾਲ ਸੀ ।ਉ◌ਸਦੀ ਗੱਲਬਾਤ ਕਰਨ ਦੇ ਸਲੀਕੇ ਤੋਂ ਹਰੇਕ ਪ੍ਰਭਾਵਿਤ ਹੋ ਜਾਂਦਾ ਸੀ । ਉਸ ਦਾ ਸੁਭਾਅ ਖੁੱਲ੍ਹਦਿਲੀ ਵਾਲਾ ਸੀ । ਭਾਵੇਂ ਉਹ ਪਹਿਲਾਂ ਕਲੀਨ ਸੇਵ ਵੀ ਰਿਹਾ ਪਰ ਬਾਅਦ ਵਿੱਚ ਆਪ ਅਤੇ ਸੁਪਤਨੀ ਜੋ ਹਿੰਦੂ ਪਰਿਵਾਰ 'ਚ ਪਲੀ ਹੋਈ ਹੈ ਨੇ ਵੀ ਅੰਮ੍ਰਿਤ ਛੱਕ ਕੇ ਐਸਾ ਗੁਰਸਿੱਖੀ ਜੀਵਨ ਅਪਣਾਇਆ ਕਿ ਸਾਰਾ ਪਰਿਵਾਰ ਹੀ ਗੁਰਸਿੱਖੀ ਨਾਲ ਜੁੜ ਗਿਆ । ਉਹ ਮੋਤੀ ਨਗਰ ਮੁਹੱਲੇ ਦੇ ਗੁਰੂ ਘਰ ਦਾ ਮੁੱਖ ਸੇਵਾਦਾਰ ਵੀ ਰਿਹਾ, ਇਸ ਦੌਰਾਨ ਉਸ ਨੇ ਪੂਰੇ ਮਨ ਤਨ ਧਨ ਨਾਲ ਗੁਰੂ ਘਰ ਦੀ ਸੇਵਾ ਕੀਤੀ ।ਉਹ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਅਕਸਰ ਜਾਂਦਾ ਰਹਿੰਦਾ ਸੀ ।ਉਹ ਅਕਸਰ ਹੀ ਪਿੰਡ ਦੰਦਰਾਲਾ ਢੀਂਡਸਾ ਵਿਖੇ ਬਾਬਾ ਸੁੱਖਾ ਸਿੰਘ ਦੇ ਅਸਥਾਨ ਤੇ ਦਸਮੀ ਨੂੰ ਪਰਿਵਾਰ ਸਮੇਤ ਨਤਮਸਤਕ ਹੋਇਆ ਕਰਦਾ ਸੀ । ਉਸ ਅੰਦਰਲੀ ਧਾਰਮਿਕ ਬਿਰਤੀ ਦਾ ਜਲਾਲ ਝਲਕਦਾ ਸੀ । ਉਹ ਪਰਿਵਾਰ ਸਮੇਤ 27 ਦਸੰਬਰ 2025 ਨੂੰ ਮੱਤੇਵਾੜਾ ਜੰਗਲ ਨੇੜੇ ਗੁਰਦੁਆਰਾ ਸਹੀਦਾਂ ਬੂਥਗੜ੍ਹ ਵਿਖੇ ਦਰਸ਼ਨ ਕਰਨ ਗਿਆ ਤਾਂ ਦਰਸ਼ਨ ਕਰਕੇ ਲੰਗਰ ਹਾਲ ਵਿੱਚ ਸਾਮ ਵੇਲੇ ਲੰਗਰ ਛੱਕਦਿਆਂ ਨੂੰ ਬ੍ਰੇਨ ਸਟਰੋਕ ਆ ਗਿਆ , ਉਥੋਂ ਮੁਢਲੀ ਫਸਟ ਏਡ ਦਿਵਾ ਕੇ ਪਰਿਵਾਰ ਨੇ ਲੁਧਿਆਣਾ ਦੇ ਨਾਮੀ ਹਸਪਤਾਲ ਵਿੱਚ ਬੇਹੋਸ਼ੀ ਦੀ ਹਾਲਤ ਵਿੱਚ ਦਾਖਲ ਕਰਵਾ ਦਿੱਤਾ ਪਰ ਆਈ.ਸੀ.ਯੂ. 'ਚ ਰਹਿਣ ਦੇ ਬਾਵਜੂਦ ਕੋਈ ਸਿਹਤ 'ਚ ਸੁਧਾਰ ਨਾ ਹੋਇਆ ਅਤੇ 3 ਜਨਵਰੀ 2026 ਨੂੰ ਅਕਬਾਲ ਸਿੰਘ ਪਰਿਵਾਰ ਨੂੰ ਸਦਾ ਲਈ ਸਦੀਵੀ ਵਿਛੋੜਾ ਦੇ ਗਿਆ । ਭਾਵੇਂ ਇਹ ਵਿਛੋੜਾ ਬੜਾ ਅਸਹਿ ਹੈ , ਵਾਹਿਗੁਰੂ ਜੀ ਸਮੁੱਚੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ । ਉਨ੍ਹਾਂ ਦੀ ਨਮਿੱਤ ਅੰਤਿਮ ਅਰਦਾਸ 12 ਜਨਵਰੀ ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਿੰਘ ਸਭਾ ਮੋਤੀ ਨਗਰ ਲੁਧਿਆਣਾ ਵਿਖੇ ਹੋਈ ਜਿਸ ਵਿੱਚ ਵੱਡੀ ਗਿਣਤੀ ਵਿੱਚ ਰਿਸਤੇਦਾਰ , ਸਾਕ ਸੰਬੰਧੀ, ਦੋਸਤ ਮਿੱਤਰ ਸਾਮਲ ਹੋਏ । ਗ੍ਰੰਥੀ ਸਿੰਘ ਵਲੋਂ ਅਕਬਾਲ ਸਿੰਘ ਦੇ ਬਾਣੀ ਅਤੇ ਬਾਣੇ ਦੇ ਧਾਰਨੀ ਹੋਣਾ , ਨਿਤਨੇਮ ਕਰਨ ਉਪਰੰਤ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰ ਸਾਸਤਰਾਂ ਨੂੰ ਅਰਦਾਸ ਕਰ ਪ੍ਰਵਾਨ ਕਰਾਵਾਉਣਾ ,ਪੂਰੀ ਸਿੱਖ ਮਰਿਆਦਾ 'ਚ ਜੀਵਨ ਨਿਭਾਉਣ ਵਾਲਾ ਗੁਰਸਿੱਖ ਦੱਸਿਆ , ਕੋਈ ਵਿਰਲਾ ਸਿੱਖ ਹੀ ਐਨੀ ਮਰਿਆਦਾ ਰੱਖਦਾ ਹੈ ।ਸੱਚ ਮੁੱਚ ਉਹ ਸਿੱਖੀ ਸਿਦਕ ਨਾਲ ਨਿਭਾਉਣ ਵਾਲਾ ਗੁਰਸਿੱਖ ਸੀ ।ਬਾਣੀ ਦਾ ਕਥਨ ਹੈ , 'ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।ਸਚੀ ਦਰਗਹ ਜਾਇ ਸਚਾ ਪਿੜੁ ਮਲਿਆ' । ਵਾਹਿਗੁਰੂ ਆਪਣੇ ਚਰਨਾਂ 'ਚ ਵਿਛੜੀ ਆਤਮਾ ਨੂੰ ਨਿਵਾਸ ਬਖਸ਼ੇ ।

## ਸਟੇਜੀ ਕਵਿਤਾ ਦਾ ਬੁਲੰਦ ਦਰਵਾਜ਼ਾ-ਬਰਕਤ ਰਾਮ ਯੁਮਨ



ਸਟੇਜੀ ਕਵਿਤਾ ਦੇ ਬੁਲੰਦ ਦਰਵਾਜ਼ੇ ਵਜੋਂ ਜਾਣੇ ਜਾਂਦੇ ਸ਼ਾਇਰ ਬਰਕਤ ਰਾਮ ਯੁਮਨ ਜੀ ਬਾਰੇ ਬਚਪਨ ਵਿੱਚ ਉਦੋਂ ਜਾਣਿਆ ਜਦ ਬਟਾਲਾ ਤੋਂ ਛਪੇ ਸਾਹਿੱਤਕ ਮੈਗਜ਼ੀਨ "ਭਾਵਨਾ" ਵਿੱਚ ਉਨ੍ਹਾਂ ਦਾ ਲਿਖਿਆ ਨੰਦ ਲਾਲ ਨੂਰਪੁਰੀ ਜੀ ਬਾਰੇ ਲੇਖ ਪੜ੍ਹਿਆ। ਇਸ ਮੈਗਜ਼ੀਨ ਨੂੰ ਪ੍ਰਬੁੱਧ ਪੰਜਾਬੀ ਕਵੀ ਸੁਰਿੰਦਰ ਕਾਹਲੋਂ ਸੰਪਾਦਿਤ ਕਰਦੇ ਸਨ। ਬਟਾਲਾ ਦੇ ਬਹੁਤੇ ਲੇਖਕ ਉਨ੍ਹਾਂ ਨੂੰ ਉਸਤਾਦ ਸ਼ਾਇਰ ਦੇ ਰੂਪ ਵਿੱਚ ਜਾਣਦੇ ਸਨ। ਸ਼ਿਵ ਕੁਮਾਰ ਬਟਾਲਵੀ ਜੀ ਬਾਰੇ ਵੀ ਕਿਹਾ ਜਾਂਦਾ ਹੈ ਕਿ ਮੁੱਢਲੇ ਦੌਰ ਵਿੱਚ ਉਨ੍ਹਾਂ ਤੋਂ ਹੀ ਇਸਲਾਹ ਲੈਂਦੇ ਸਨ। ਹੋਰ ਵੀ ਬਹੁਤ ਕਵੀ ਉਨ੍ਹਾਂ ਦੇ ਸ਼ਾਗਿਰਦ ਬਣੇ।
ਉਹ ਬਟਾਲਾ ਵਿੱਚ ਹੀ ਦੇਸ਼ ਵੰਡ ਉਪਰੰਤ ਆਣ ਵੱਸੇ ਸਨ।
ਬਰਕਤ ਰਾਮ ਯੁਮਨ ਜੀ ਦਾ ਜਨਮ
26 ਜਨਵਰੀ 1905 ਨੂੰ ਹੋਇਆ ਤੇ 22ਦਿਸੰਬਰ 1967 ਨੂੰ ਸਦੀਵੀ ਵਿਛੋੜਾ ਦੇ ਗਏ।
ਯੁਮਨ ਜੀ ਦਾ ਜਨਮ ਪਿੰਡ ਭੁੱਟਾ ਜ਼ਿਲ੍ਹਾ ਸਿਆਲਕੋਟ (ਲਹਿੰਦਾ ਪੰਜਾਬ) ਵਿੱਚ ਹੋਇਆ।
ਪੰਜਾਬੀ ਦੇ ਉਸਤਾਦ ਕਵੀਆਂ ਵਿੱਚ ਉਨ੍ਹਾਂ ਦਾ ਖਾਸ ਨਾਂ ਹੈ । ਉਨ੍ਹਾਂ ਨੂੰ ਪੰਜਾਬ, ਪੰਜਾਬੀ ਅਤੇ ਇੱਥੋਂ ਦੀ ਭਾਈਚਾਰਕ ਸਾਂਝ ਨਾਲ ਬਹੁਤ ਪਿਆਰ ਸੀ। ਕਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਉਨ੍ਹਾਂ ਦੀ ਸਮੁੱਚੀ ਕਰਨਾ ਇੱਕ ਜਿਲਦ ਵਿੱਚ ਛਾਪੀ ਸੀ ਪਰ ਹੁਣ ਨਹੀਂ ਮਿਲਦੀ। ਉਨ੍ਹਾਂ ਵਰਗੇ ਸਮਰੱਥ ਕਵੀਆਂ ਦਾ ਕਲਾਮ ਲਗਾਤਾਰ ਮਿਲਣਾ ਚਾਹੀਦਾ ਹੈ ਤਾਂ ਜੋ ਭਵਿੱਖ ਪੀੜ੍ਹੀਆਂ ਉਸ ਤੋਂ ਲਾਭ ਉਠਾ ਸਕਣ। ਉਨ੍ਹਾਂ ਦੇ ਪਰਿਵਾਰ ਦੀ ਇਸ ਕਾਰਜ ਵਿੱਚ ਦਿਲਚਸਪੀ ਵਧਣੀ ਚਾਹੀਦੀ ਹੈ।
ਕਈ ਸਾਲ ਪਹਿਲਾਂ "ਸਾਂਝ" ਮੈਗਜ਼ੀਨ ਵਿੱਚ ਉਨ੍ਹਾਂ ਦੇ ਵਾਰਸਾਂ ਨੇ ਕਾਫ਼ੀ ਜਾਣਕਾਰੀ ਛਪਵਾਈ ਸੀ। ਉਹ ਵੀ ਪੁਸਤਕ ਰੂਪ ਵਿੱਚ ਆਉਣੀ ਚਾਹੀਦੀ ਹੈ।
ਪੇਸ਼ ਹਨ ਉਨ੍ਹਾਂ ਦੀਆਂ ਚਾਰ ਗ਼ਜ਼ਲਾਂ

ਬਰਕਤ ਰਾਮ ਯੁਮਨ

1.
ਜ਼ੁਬਾਨੋ ਨਿਕਲਦੇ ਸ਼ਬਦੋ! ਵਿਨੈ ਦਾ ਰੂਪ ਪਲਟਾਓ

ਜ਼ੁਬਾਨੋ ਨਿਕਲਦੇ ਸ਼ਬਦੋ! ਵਿਨੈ ਦਾ ਰੂਪ ਪਲਟਾਓ ।
ਖ਼ਿਆਲੋ! ਸਿਮਟਕੇ ਪ੍ਰੀਤਮ ਦੀ ਮਿੱਠੀ ਯਾਦ ਬਣ ਜਾਓ ।

ਤੁਹਾਡੇ ਹੰਝੂਆਂ ਦਾ ਅੱਖੀਓ! ਕੁਝ ਮੁੱਲ ਪੈ ਸਕਦੈ,
ਜੇ ਇੰਜ ਥਾਂ ਥਾਂ ਤੇ ਇਹਨਾਂ ਮੋਤੀਆਂ ਦੇ ਢੇਰ ਨਾ ਲਾਓ ।

ਛੁਰੀ ਪੁੱਟੀ ਗਈ ਸੀਨੇ 'ਚੋਂ ਤਾਂ ਕੁਝ ਸੁਆਦ ਨਹੀਂ ਰਹਿਣਾ,
ਦਿਆਲੂ ਕਾਤਿਲੋ! ਜਿੰਦ ਨੂੰ ਅਜੇ ਕੁਝ ਹੋਰ ਤੜਫਾਓ ।

ਇਹ ਲੁਕ ਲੁਕ ਸੁਫ਼ਨਿਆਂ ਵਿਚ ਆਉਣ ਵੀ ਕੋਈ ਆਉਣ ਹੁੰਦਾ ਏ?
ਖੁਲ੍ਹੇ ਦਰ ਅੱਖੀਆਂ ਦੇ ਨੇ ਝਿਜਕ ਕਾਹਦੀ? ਚਲੇ ਆਓ ।

ਮਿਲਣ ਵਾਲੇ ਤਾਂ ਅੜੀਓ! ਅੰਤਲੇ ਦਮ ਵੀ ਨੇ ਆ ਮਿਲਦੇ,
ਅਜੇ ਮਾਯੂਸ ਨਾ ਹੋਵੋ ਨੀ ਡਾਵਾਂਡੋਲ ਆਸਾਓ ।

ਸੰਭਲ ਜਾਈਏ ਤਾਂ ਮੁਸ਼ਕਿਲ ਦੂਰ ਨਸ ਜਾਂਦੀ ਏ ਰਾਹ ਛੱਡ ਕੇ,
ਤਰੌਹ ਕੁਝ ਹੋਰ ਵੱਧ ਜਾਂਦੈ ਤੁਸੀਂ ਜਿੰਨਾ ਵੀ ਘਬਰਾਓ ।

ਕਿਸੇ ਦੇ ਨਖ਼ਰਿਆਂ ਨੇ ਭੇਂਟ ਹਾਲਾਂ ਹੋਰ ਮੰਗਣੀ ਏਂ,
ਨੀ ਰੀਝੋ ਰਹਿੰਦੀਓ! ਐਵੇਂ ਨਾ ਝੁਰ ਝੁਰ ਮਰਦੀਆਂ ਜਾਓ ।

ਤੁਹਾਡੇ ਆਉਣ ਤੇ ਬਿਰਹੋਂ ਦੇ ਭਾਂਬੜ ਹੋਰ ਵੀ ਭੜਕੇ,
ਸੱਜਣ ਦੇ ਸ਼ਹਿਰ ਵਿਚਦੀ ਹੋ ਕੇ ਆਈਓ ਠੰਢੀਓ ਵਾਓ ।

'ਯੁਮਨ' ਜੀ, ਕੀ ਮੁਸੀਬਤ ਮੰਗ ਲਈ ਜੇ ਇਸ਼ਕ ਗਲ ਪਾ ਕੇ,
ਕਿ ਇਕ ਪਲ ਪਿਆਰ ਕਰ ਬੈਠੇ ਤਾਂ ਸਾਰੀ ਉਮਰ ਪਛਤਾਓ ।

2.

ਔਖਾ ਏ ਵਿਛੋਤਾ ਵੀ, ਮਿਲਣਾ ਵੀ ਖ਼ਰੀ ਮੁਸ਼ਕਿਲ

ਔਖਾ ਏ ਵਿਛੋਤਾ ਵੀ, ਮਿਲਣਾ ਵੀ ਖ਼ਰੀ ਮੁਸ਼ਕਿਲ ।
ਜਿੱਧਰ ਵੀ ਨਜ਼ਰ ਕੀਤੀ, ਓਧਰ ਹੀ ਧਰੀ ਮੁਸ਼ਕਿਲ ।

ਉਹ ਮਿਲ ਕੇ ਕਦੋਂ ਬੈਠਾ, ਉਹ ਰਲ ਕੇ ਕਦੋਂ ਟੁਰਿਆ,
ਜਿਸ ਕਹਿ ਤਾਂ ਲਈ ਸੌਖੀ, ਪਰ ਸੁਣ ਕੇ ਜਰੀ ਮੁਸ਼ਕਿਲ ।

ਦੁਸ਼ਮਣ ਵੀ ਨਾ ਫਸ ਜਾਵੇ, ਜ਼ੁਲਫ਼ਾਂ ਦੇ ਸਿਕੰਜੇ ਵਿਚ,
ਇਸ ਫਾਹੀ 'ਚ ਜੋ ਫਸਿਆ, ਹੋਵੇਗਾ ਬਰੀ ਮੁਸ਼ਕਿਲ ।

ਭੁੱਲ ਕੇ ਵੀ ਹਵਸ ਉੱਤੇ, ਠੱਗਿਆ ਨ ਦਿਲਾ ਜਾਵੀਂ,
ਜੜ੍ਹ ਚੱਟੀ ਹੋਈ ਇਹਦੀ, ਹੁੰਦੀ ਏ ਹਰੀ ਮੁਸ਼ਕਿਲ ।

ਦਮ ਗਿਣਵੇਂ 'ਯੁਮਨ' ਰਹਿ ਗਏ, ਔਖੀ ਏ ਦਵਾ ਫੁਰਨੀ,
ਬਸ ਚਾਰਾਗਰੋ ਜਾਵੋ, ਹੁਣ ਚਾਰਾਗਰੀ ਮੁਸ਼ਕਿਲ ।

3.
ਸੋਚਦਾ ਹਾਂ ਵੇਖ ਕੇ ਨਿੱਤ ਡਿਗਦੇ ਮਸਤੀ ਵਿਚ ਪਿਆਕ

ਸੋਚਦਾ ਹਾਂ ਵੇਖ ਕੇ ਨਿੱਤ ਡਿਗਦੇ ਮਸਤੀ ਵਿਚ ਪਿਆਕ ।
ਕੁਝ ਨਾ ਕੁਝ ਤਾਂ ਪੀ ਕੇ ਠੇਡੇ ਖਾਣ ਦੇ ਵਿਚ ਹੈ ਸਵਾਦ ।

ਪੀਣ ਵਿਚ ਵੀ ਰਿੰਦ ਨੂੰ ਓਨਾ ਨ ਸ਼ਾਇਦ ਮਿਲ ਸਕੇ,
ਸਾਕੀਆ! ਜਿੰਨਾ ਤੇਰੇ ਤਰਸਾਣ ਦੇ ਵਿਚ ਹੈ ਸਵਾਦ ।

ਚੁੱਪ ਨ ਕਰ ਮੁੱਲਾਂ! ਜ਼ਰਾ ਟੁਰਿਆ ਚਲ ਆਪਣੀ ਲੀਕ ਤੇ,
ਆਉਣ ਲੱਗਾ ਕੁਝ ਤੇਰੇ ਸਮਝਾਣ ਦੇ ਵਿਚ ਹੈ ਸਵਾਦ ।

ਤੂੰ ਸਮਝਨਾ ਏਂ, ਤੇਰੇ ਖੁਲ੍ਹ ਜਾਣ ਲਈ ਹਾਂ ਲੋਚਦਾ?
ਮੈਥੋਂ ਪੁੱਛ, ਕਿੰਨਾ ਤੇਰੇ ਸ਼ਰਮਾਣ ਦੇ ਵਿਚ ਹੈ ਸਵਾਦ ।

ਦਿਲ ਤੋਂ ਚਾਹੁੰਦੇ ਵੀ ਜ਼ਬਾਨੋ ਹਾਂ ਕਿਉਂ ਨਹੀਂ ਆਖਦੇ,
ਆਪ ਹੀ ਜਾਣੋ ਕਿ ਕੀ ਕਲਪਾਣ ਦੇ ਵਿਚ ਹੈ ਸਵਾਦ ।

ਕੀ ਸਵਾਦ ਆਇਆ 'ਯੁਮਨ' ਇਸ਼ਕੋਂ ਬਚਾ ਲਈ ਜ਼ਿੰਦਗੀ?
ਯਾਰ ਦੇ ਨਾਂ ਤੋਂ ਫਿਦਾ ਹੋ ਜਾਣ ਦੇ ਵਿਚ ਹੈ ਸਵਾਦ ।

4.
ਯਾਦ ਤੇਰੀ ਨੇ ਕਿਸੇ ਦੇ ਨਾਲ ਕੀ ਕੀਤੀ? ਨ ਪੁੱਛ

ਯਾਦ ਤੇਰੀ ਨੇ ਕਿਸੇ ਦੇ ਨਾਲ ਕੀ ਕੀਤੀ? ਨ ਪੁੱਛ
ਰਾਤ ਉਸਦੀ ਗਿਣਦਿਆਂ ਤਾਰੇ ਕਿਵੇਂ ਬੀਤੀ? ਨ ਪੁੱਛ

ਪੀ ਲਈਂ ਜਿਥੋਂ ਵੀ ਜਿੰਨੀ ਵੀ ਜਿਹੋ ਜਿਹੀ ਮਿਲ ਗਈ,
ਕਿੰਨੀ ਕਿਉਂ ਕਿਥੋਂ ਕਿਹੋ ਜਿਹੀ ਤੇ ਕਦੋਂ ਪੀਤੀ? ਨ ਪੁੱਛ

ਚੀਜ਼ ਸੀ ਵੇਖਣ ਦੀ ਇਹ ਈਸਾ ਜੇ ਅੱਖੀਂ ਵੇਖਦੋਂ
ਆਖ਼ਰੀ ਹਿਚਕੀ ਤੇਰੇ ਬੀਮਾਰ ਕਿੰਝ ਲੀਤੀ? ਨ ਪੁੱਛ

ਵੇਖ ਲਈ ਦੁਨੀਆ ਤੇਰੀ ਓਇ ਮਾਲਿਕਾ ਦੁਨੀਆ ਦਿਆ,
ਤੇਰੀ ਦੁਨੀਆ ਵਿਚ 'ਯੁਮਨ' ਦੇ ਨਾਲ ਕੀ ਬੀਤੀ? ਨ ਪੁੱਛ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

## ਚੜ੍ਹਦੇ ਸਾਲ ਹੀ ਪਤੰਗਬਾਜ਼ੀ ਨਾਲ ਦੁਖਦਾਈ ਖਬਰਾਂ ਦਾ ਬੋਲਬਾਲਾ ਕਿਵੇਂ ਰੁੱਕੇਗਾ


ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ



ਨਵੇਂ ਸਾਲ ਦੇ ਚੜ੍ਹਦਿਆਂ ਹੀ ਪਤੰਗਾਂ ਅਤੇ ਚਾਈਨਾ ਡੋਰ ਨਾਲ ਦਰਦਨਾਇਕ ਘਟਨਾਵਾਂ ਵਾਪਰ ਰਹੀਆਂ ਹਨ ।ਲੋਹੜੀ ਤੋਂ ਇੱਕ ਦਿਨ ਪਹਿਲਾਂ ਸੁਨਾਮ ਨੇੜੇ ਤੁੰਗਾਂ ਪਿੰਡ 'ਚ ਪਰਿਵਾਰ ਦੇ 12 ਸਾਲ ਦੇ ਇਕਲੋਤੇ ਬੇਟੇ ਹਰਜੋਤ ਸਿੰਘ ਦੀ ਛੱਤ 'ਤੇ ਪਤੰਗ ਉਡਾਉਂਦੇ ਦੀ ਅਚਾਨਕ ਹੇਠਾਂ ਡਿੱਗ ਕਾਰਨ ਦੁੱਖਦਾਇਕ ਮੌਤ ਹੋ ਗਈ ।ਪਤੰਗ ਉਡਾਉਂਦੇ ਸਮੇਂ ਮਕਾਨਾਂ ਦੀਆਂ ਛੱਤਾਂ 'ਤੋਂ ਡਿੱਗ ਕੇ ਮੌਤਾਂ ਹੋਣ ਦੀਆਂ ਘਟਨਾਵਾਂ ਕਈ ਵਾਰ ਹੁੰਦੀਆਂ ਰਹਿੰਦੀਆਂ ਹਨ ।ਪਟਿਆਲਾ ਵਿੱਚ ਪਿਛਲੇ ਚੜ੍ਹਦੇ ਸਾਲ ਵੀ ਇੱਕ ਬੱਚਾ ਛੱਤ ਉੱਪਰ ਪਤੰਗ ਉਡਾਉਂਦਾ ਛੱਤ ਤੋਂ ਡਿੱਗ ਕੇ ਸਾਹਾਂ ਦੀ ਡੋਰ ਪੂਰੀ ਕਰ ਗਿਆ ਸੀ ।ਹੁਣ ਗੱਲ ਗੰਭੀਰਤਾ ਨਾਲ ਸੋਚਣ ਦੀ ਆਉਂਦੀ ਹੈ ਕਿ ਸਾਡਾ ਸਮਾਜ ਇਹੋ ਜਿਹੇ ਕੰਮਾਂ ਨੂੰ ਉਤਸ਼ਾਹਿਤ ਕਿਉਂ ਕਰਦਾ ਹੈ ਜਿਨ੍ਹਾਂ ਨਾਲ ਕੀਮਤੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ।ਇਹੋ ਜਿਹੇ ਦੁੱਖ ਮਾਪੇ ਜ਼ਿੰਦਗੀ ਭਰ ਨਹੀਂ ਭੁੱਲ ਸਕਦੇ।ਪਰ ਸਾਰੇ ਮਾਪੇ ਇਹੋ ਜਿਹੀਆਂ ਘਟਨਾਵਾਂ ਤੋਂ ਕੋਈ ਸਬਕ ਨਹੀਂ ਸਿੱਖਦੇ । ਇਹ ਹਾਦਸੇ ਕਿਸੇ ਵੀ ਬੱਚੇ ਨਾਲ ਵਾਪਰ ਸਕਦੇ ਹਨ ਇਹ ਮਨ 'ਚ ਜਰੂਰ ਮਾਪਿਆਂ ਨੂੰ ਧਾਰ ਲੈਣਾ ਚਾਹੀਦਾ ਹੈ । ਬੱਚੇ ਬਸੰਤ ਪੰਚਮੀ ਤੋਂ ਪਹਿਲਾਂ ਹੀ ਪਤੰਗ ਉਡਾਉਣ ਲੱਗ ਜਾਂਦੇ ਹਨ । ਐਨੀ ਜਿਆਦਾ ਠੰਡ ਦੀ ਪ੍ਰਵਾਹ ਨਹੀਂ ਕਰਦੇ , ਜਿਸ ਨਾਲ ਠੰਡ ਲਗਾ ਬਹਿੰਦੇ ਹਨ । ਬਸੰਤ ਪੰਚਮੀ ਵਾਲੇ ਦਿਨ ਤਾਂ ਹਰੇਕ ਬੱਚੇ ਦੀ ਪਤੰਗ ਉਡਾਉਣ ਦੀ ਖਾਹਿਸ਼ ਹੁੰਦੀ ਹੈ ਜੋ ਕਿ ਛੋਟੇ ਬੱਚਿਆਂ ਲਈ ਉਨ੍ਹਾਂ ਦੀ ਖੁਸ਼ੀ ਲਈ ਮਾਪੇ ਆਪ ਬਾਜ਼ਾਰੋਂ ਬੱਚਿਆਂ ਨੂੰ ਨਾਲ ਲਿਜਾ ਕੇ ਉਨ੍ਹਾਂ ਦੀ ਪਸ਼ੰਦ ਦੇ ਪਤੰਗ ਖਰੀਦ ਕੇ ਲਿਅਉਂਦੇ ਆਮ ਹੀ ਦੇਖੇ ਜਾ ਸਕਦੇ ਹਨ । ਪਰ ਛੋਟੇ ਬੱਚਿਆਂ ਦੀ ਪਤੰਗ ਉਡਾਉਣ ਸਮੇਂ ਮਾਪਿਆਂ ਦੀ ਨਿਗਰਾਨੀ ਬਹੁਤ ਜਰੂਰੀ ਹੈ ।ਪਤੰਗ ਉਡਾਉਂਦੇ ਸਮੇਂ ਰੋਜ਼ਾਨਾ ਅਨੇਕਾਂ ਵਾਪਰ ਰਹੀਆਂ ਖਤਰਨਾਕ ਘਟਨਾਵਾਂ ਦੀਆਂ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਹੁੰਦੀਆਂ ਹਨ । ਰਾਹਗੀਰਾਂ ਦੀਆਂ ਗਰਦਨਾਂ , ਮੂੰਹ ਆਦਿ 'ਚ ਖਤਰਨਾਕ ਚਾਇਨਾ ਡੋਰ ਨਾਲ ਜਖਮੀ ਹੋਇਆਂ ਦੇ ਕਈ-ਕਈ ਟਾਂਕੇ ਲੱਗਣ ਦੀਆਂ ਖਬਰਾਂ ਮਿਲਦੀਆਂ ਰਹੀਆਂ ਹਨ । ਪਿਛਲੇ ਦਿਨੀਂ ਨਾਭੇ ਦੇ ਵਸਨੀਕ ਦੀ ਚਾਈਨਾ ਡੋਰ ਨਾਲ ਗਰਦਨ 'ਤੇ ਕੱਟ ਲੱਗ ਕਾਰਨ ਟਾਂਕੇ ਲੱਗੇ ਹਨ । ਇਸ ਸਬੰਧੀ ਨਾਭਾ ਹਲਕੇ ਦੇ ਵਿਧਾਇਕ ਗੁਰਦੇਵ ਮਾਨ ਨੇ ਪੰਜਾਬ ਵਿੱਚ ਨਿਵੇਕਲੀ ਪਹਿਲ ਕਰਦੇ ਹੋਏ ਚਾਈਨਾ ਡੋਰ ਵੇਚਣ ਵਾਲੇ ਦੀ ਸੂਚਨਾ ਦੇਣ ਵਾਲੇ ਨੂੰ ਆਪਣੇ ਵਲੋਂ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੈ , ਸੂਚਨਾ ਦੇਣ ਵਾਲੇ ਦਾ ਨਾਂ ਗੁਪਤ ਰੱਖਿਆ ਜਾਵੇਗਾ । ਇਹ ਬਹੁਤ ਹੀ ਵਧੀਆ ਉਪਰਾਲਾ ਹੈ ਜਿਸ ਲਈ ਲੋਕਾਂ ਨੂੰ ਵੀ ਸਹਿਯੋਗ ਦੇਾ ਚਾਹੀਦਾ ਹੈ । ਇਸ ਫੈਸਲੇ ਨਾਲ ਘੱਟੋ-ਘੱਟ ਨਾਭਾ ਹਲਕੇ ਵਿੱਚ ਬੱਚਿਆਂ ਦੇ ਹੱਥ 'ਚ ਚਾਈਨਾ ਡੋਰ ਦੇ ਆਉਣ ਲਈ ਜਰੂਰ ਠੱਲ੍ਹ ਪਵੇਗੀ । ਭਾਵੇਂ ਇਹ ਸਾਰਾ ਕੁਝ ਚਾਈਨਾ ਡੋਰ ਦੇ ਵੇਚਣ 'ਤੇ ਪਾਬੰਦੀ ਹੋਣ ਦੇ ਬਾਵਜੂਦ ਹਰੇਕ ਸਾਲ ਹੁੰਦਾ ਆ ਰਿਹਾ ਹੈ । ਇਹ ਡੋਰ ਆਮ ਤੌਰ ਤੇ ਛੋਟੀਆਂ ਦੁਕਾਨਾਂ ਤੇ ਵੀ ਆਮ ਵਿੱਕਦੀ ਹੈ । ਬਸੰਤ ਪੰਚਮੀ ਵਾਲੇ ਦਿਨ ਪਤੰਗ ਉਡਾਉਣਾ ਬੱਚਿਆਂ ਨੂੰ ਭਾਵੇਂ ਬਹੁਤ ਵਧੀਆ ਤਾਂ ਲੱਗਦਾ ਹੈ ਪਰ ਜਿਸ ਤਰ੍ਹਾਂ ਅੱਜ ਚਾਈਨਾ ਡੋਰ ਨਾਲ ਪਤੰਗ ਉਡਾਇਆ ਜਾਂਦਾ ਹੈ , ਇਸ ਤਰ੍ਹਾਂ ਕਈ ਤਰ੍ਹਾਂ ਦੇ ਮਾੜੇ ਪ੍ਰਭਾਵ ਦੇਖਣ ਨੂੰ ਮਿਲਦੇ ਹਨ।ਇਸ ਡੋਰ ਨਾਲ ਪੰਛੀਆਂ ਅਤੇ ਮਨੁੱਖਾਂ ਦੀ ਜਾਨ ਨੂੰ ਖਤਰੇ 'ਚ ਪਾਉਣ ਵਾਲੀਆਂ ਘਟਨਾਵਾਂ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ।ਇਹ ਡੋਰ ਪ੍ਰਦੂਸ਼ਣ ਫੈਲਾਉਣ ਦਾ ਕਾਰਨ ਵੀ ਬਣਦੀ ਹੈ।ਇਸੇ ਕਾਰਨ ਪ੍ਰਸ਼ਾਸ਼ਨ ਨੇ ਚਾਈਨਾ ਡੋਰ ਰੱਖਣ , ਵੇਚਣ, ਸਟੋਰ ਕਰਨ ਤੇ ਪਾਬੰਦੀ ਤਾਂ ਜਰੂਰ ਲਾਈ ਹੋਈ ਹੈ , ਕਿਤੇ ਕਿਤੇ ਮਾੜੀ ਮੋਟੀ ਪਾਬੰਦੀਸ਼ੁਦਾ ਡੋਰ ਨੂੰ ਫੜ੍ਹਨ ਦੀ ਕਾਰਵਾਈ ਭਾਵੇਂ ਦਿਖਾਵੇ ਲਈ ਕਰ ਵੀ ਲਈ ਜਾਂਦੀ ਹੈ , ਪੂਰਨ ਪਾਬੰਦੀ ਕਿਉਂ ਨਹੀਂ ਲੱਗ ਰਹੀ ਇਸ ਪਿੱਛੇ ਕੀ ਕਾਰਨ ਹੈ ,ਇਹ ਤਾਂ ਪ੍ਰਸ਼ਾਸ਼ਨ ਹੀ ਦੱਸ ਸਕਦਾ ਹੈ ।ਪਰ ਇਹ ਜਾਨਲੇਵਾ ਡੋਰ ਸ਼ਰੇਆਮ ਦੁਕਾਨਾਂ ਤੋਂ ਮਿਲ ਰਹੀ ਹੈ ਅਤੇ ਪਤੰਗ ਉਡਾ ਰਹੇ ਬੱਚਿਆਂ ਦੇ ਹੱਥਾਂ ਵਿੱਚ ਦੇਖੀ ਜਾ ਸਕਦੀ ਹੈ ।ਬਸੰਤ ਪੰਚਮੀ ਵਾਲੇ ਦਿਨ ਸ਼ਹਿਰਾਂ ਅੰਦਰ ਰੰਗ ਬਰੰਗੇ ਪਤੰਗਾਂ ਦੀਆਂ ਧਾੜਾਂ ਆਮ ਵੇਖਣ ਨੂੰ ਮਿਲਦੀਆਂ ਹਨ ਕਿੰਨੇ ਪਤੰਗ ਕੱਟੇ ਜਾਂਦੇ ਹਨ ਜਿਨ੍ਹਾਂ ਦੀਆਂ ਡੋਰਾਂ ਹੇਠਾਂ ਆਉਂਦੀਆਂ ਬਿਜਲੀ ਦੀਆਂ ਤਾਰਾਂ,ਦਰੱਖਤਾਂ ਆਦਿ 'ਚ ਫੱਸ ਕੇ ਲਟਕ ਜਾਂਦੀਆਂ ਹਨ ਜੋ ਕਿ ਦੁਰਘਟਨਾਵਾਂ ਦਾ ਕਾਰਣ ਬਣਦੀਆਂ ਹਨ।ਗਲੀਆਂ , ਸੜਕਾਂ , ਆਦਿ ਤੋਂ ਪੈਦਲ ਚਲਣ ਵੇਲੇ ਬੜੀ ਸਾਵਧਾਨ ਵਰਤਣੀ ਪੈਂਦੀ ਹੈ ਪਤਾ ਨਹੀਂ ਕਿਸ ਵੇਲੇ ਕੋਈ ਡੋਰ ਪੈਰਾਂ 'ਚ ਉਲਝ ਕੇ ਤੁਹਾਨੂੰ ਮੂਧੇ ਮੂੰਹ ਡੇਗ ਦੇਵੇ । ਬਸੰਤ ਪੰਚਮੀ ਨੂੰ ਤਿਉਹਾਰ ਵਾਲੇ ਦਿਨ ਜਦ ਬੱਚੇ ਖੁਸ਼ੀਆਂ ਮਨਾ ਰਹੇ ਹੁੰਦੇ ਹਨ, ਪਤਾ ਨਹੀਂ ਕਿੰਨ੍ਹੇ ਜਾਨਵਰ,ਪੰਛੀ ਆਦਿ ਇਨ੍ਹਾਂ ਡੋਰਾਂ 'ਚ ਉਲਝ ਕੇ ਜਖ਼ਮੀ ਹੋ ਕੇ ਤੜਫੇ ਜਾਂ ਮਰੇ ਹੋਣਗੇ ।ਇਹ ਚਾਈਨਾ ਡੋਰਾਂ ਰਸਤਿਆਂ 'ਚ ਆਮ ਉਲਝੀਆਂ ਹੋਈਆਂ ਪਈਆਂ ਮਿਲਦੀਆਂ ਹਨ , ਜੋ ਪੈਦਲ ਤੁਰੇ ਜਾਂਦਿਆਂ ਦੇ ਪੈਰਾਂ 'ਚ ਫਸ ਕੇ ਡੇਗਣ ਦਾ ਕੰਮ ਕਰਦੀਆਂ ਹਨ।ਕਈ ਵਾਰੀ ਤੇਜ਼ ਰਫਤਾਰ ਦੋ ਪਹੀਆ ਵਾਹਨ ਚਾਲਕਾਂ ਦੇ ਗਲਾਂ ਵਿੱਚ ਫੱਸ ਕੇ ਗਰਦਨ ਦੀਆਂ ਕੋਮਲ ਨਾੜਾਂ ਨੂੰ ਵੀ ਕੱਟ ਦੇਣ ਦੀਆਂ ਜਾਨਲੇਵਾ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ।ਇਨ੍ਹਾਂ ਦੁਰਘਨਾਵਾਂ ਤੋਂ ਬਚਣ ਲਈ ਪਤੰਗ ਖੁਲ੍ਹੀ ਜਗ੍ਹਾ , ਗਰਾਊਂਡ , ਪਾਰਕ ਆਦਿ ਵਿੱਚ ਉਡਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ । ਪਿੰਡਾਂ ਵਾਲੇ ਬੱਚੇ ਖੇਤਾਂ ਵੱਲ ਜਾ ਕੇ ਪਤੰਗ ਉਡਾਉਣ'ਚ ਸੁਰੱਖਿਅਤ ਰਹਿ ਸਕਦੇ ਹਨ । ਸੋ ਮਾਪਿਆਂ ਨੂੰ ਛੋਟੇ ਬੱਚਿਆਂ ਦੇ ਮਨਾਂ ਵਿੱਚ ਇਹੋ ਜਿਹੀਆਂ ਖਤਰਨਾਕ ਖੇਡਾਂ ਪ੍ਰਤੀ ਨਫਰਤ ਭਰਨੀ ਚਾਹੀਦੀ ਹੈ ਤਾਂ ਕਿ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕੇ।ਸਕੂਲੀ ਸਿਲੇਬਸ਼ ਵਿੱਚ ਵੀ ਇਸ ਸਬੰਧੀ ਛੋਟੇ ਬੱਚਿਆਂ ਨੂੰ ਜਾਗਰੂਕ ਕਰਨ ਲਈ ਕਵਿਤਾਵਾਂ , ਕਹਾਣੀਆਂ , ਆਦਿ ਨੂੰ ਸ਼ਾਮਲ ਕਰ ਕੇ ਸ਼ੁਰੂ ਤੋਂ ਹੀ ਉਨ੍ਹਾਂ ਦੇ ਮਨਾਂ ਵਿੱਚ ਚਾਈਨਾ ਡੋਰ ਦੇ ਬੁਰੇ ਪ੍ਰਭਾਵਾਂ ਤੋਂ ਸੁਚੇਤ ਕਰਨਾ ਚਾਹੀਦਾ ਹੈ ।

## " ਸੱਚਾਈ ਦੇ ਰੂਬਰੂ ਹੁੰਦਾ ਕਾਵਿ ਸੰਗ੍ਰਹਿ – ਜ਼ਿੰਦਗੀ ਦੀ ਪੂੰਜੀ"

ਪੁਸਤਕ ਦਾ ਨਾਂ – ਜ਼ਿੰਦਗੀ ਦੀ ਪੂੰਜੀ
ਗ਼ਜ਼ਲਕਾਰ – ਮਹਿੰਦਰ ਸਿੰਘ ਮਾਨ
ਪੰਨੇ – 96 ਕੀਮਤ – 150/- ਰੁਪਏ
ਪ੍ਰਕਾਸ਼ਕ – ਸਾਦਿਕ ਪਬਲੀਕੇਸ਼ਨਜ਼, ਜੋਧਪੁਰ ਪਾਖਰ।
ਰਿਵਿਊਕਾਰ – ਤੇਜਿੰਦਰ ਚੰਡਿਹੋਕ




ਮਹਿੰਦਰ ਸਿੰਘ ਮਾਨ ਨੇ ਪਿਛਲੇ ਸਾਲ 2024 ਵਿਚ ਆਪਣੀ ਛੇਵੀਂ ਕਾਵਿ ਪੁਸਤਕ ਜ਼ਿੰਦਗੀ ਦੀ ਪੂੰਜੀ ਪ੍ਰਵੇਸ਼ ਕੀਤਾ ਹੈ। ਉਂਜ ਉਹ ਪਹਿਲਾਂ ਪੰਜ ਕਾਵਿ ਸੰਗ੍ਰਹਿ ਅਤੇ ਇਕ ਗ਼ਜ਼ਲ ਸੰਗ੍ਰਹਿ ਤੋਂ ਇਲਾਵਾ ਇਕ ਮਿੰਨੀ ਕਹਾਣੀ ਸੰਗ੍ਰਹਿ ਪਾਠਕਾਂ ਦੀ ਨਜ਼ਰ ਕਰ ਚੁੱਕਾ ਹੈ। ਹਥਲੇ ਕਾਵਿ ਸੰਗ੍ਰਹਿ ਦਾ ਪਾਠ ਕਰਦਿਆਂ ਧਿਆਨ ਗੋਚਰ ਹੋਇਆ ਕਿ ਇਹ ਪੁਸਤਕ ਉਸ ਨੇ ਸੰਘਰਸ਼ ਕਰ ਰਹੇ ਲੋਕਾਂ ਸਮਰਪਿਤ ਕੀਤਾ ਹੈ ਜਿਸ ਵਿਚ 54 ਕਵਿਤਾਵਾਂ, 49 ਬੋਲੀਆਂ ਅਤੇ 26 ਗ਼ਜ਼ਲਾਂ ਦਾ ਖੂਬਸੂਰਤ ਗੁਲਦਸਤਾ ਪੇਸ਼ ਕੀਤਾ ਹੈ।

ਪੁਸਤਕ ਬਾਰੇ ਗੱਲ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਉਸ ਦੀਆਂ ਰਚਨਾਵਾਂ ਵਿਚ ਪਾਣੀ ਸੀ ਘਾਟ, ਧਰਤੀ ਦਾ ਦੁਖਾਂਤ, ਦੂਸ਼ਿਤ ਵਾਤਾਵਰਣ, ਨਸ਼ੇ ਦਾ ਪ੍ਰਕੋਪ, ਬਜ਼ੁਰਗਾਂ ਦੀ ਬੇਕਦਰੀ, ਸਾਹਿਤ ਵਿਚ ਘਟਦੀ ਦਿਲਚਸਪੀ, ਮਾਂ ਬੋਲੀ, ਦੋਗਲੇ ਬੰਦੇ, ਮੂਰਤੀ ਪੂਜਾ, ਮਹਿੰਗਾਈ, ਪਰਵਾਸ ਅਤੇ ਬੇਰੁਜਗਾਰੀ ਵਰਗੇ ਵਿਸ਼ਿਆਂ ਨੂੰ ਛੋਹਿਆ ਹੈ।

ਇਸ ਪੁਸਤਕ ਦਾ ਆਗਾਜ਼ ਪਾਣੀ ਦੀ ਸਮੱਸਿਆ ਨੂੰ ਲੈ ਕੇ ਚਿੰਤਾ ਵਿਅਕਤ ਕਰਦਿਆਂ ਕੀਤਾ ਹੈ। ਪਾਣੀ ਮਨੁੱਖ ਦੀ ਮੁੱਢਲੀ ਲੋੜ ਹੈ ਜਿਸ ਨੂੰ ਮਨੁੱਖ ਅਜਾਈਂ ਗਵਾਇਆ ਜਾ ਰਿਹਾ ਹੈ। ਲੋਕ ਪਾਣੀ ਬਚਾਉਣ ਲਈ ਦੁਹਾਈ ਤਾਂ ਪਾਈ ਜਾ ਰਹੇ ਹਨ ਪਰ ਨਾਲ ਹੀ ਬਹੁਤ ਸਾਰੇ ਲੋਕ ਪਾਣੀ ਦਾ ਵਿਨਾਸ਼ ਵੀ ਕਰ ਰਹੇ ਹਨ। ਪੁਸਤਕ ਵਿਚ ਪਾਣੀ ਨਾਲ ਸਬੰਧਤ ਕਵਿਤਾਵਾਂ ਪਾਣੀ ਬਚਾਉ, ਪਾਣੀ ਦੀ ਦੁਰਵਰਤੋਂ, ਨੰਬਰ ਵਨ ਸਟੇਟ ਵਿਚ ਪਾਣੀ ਦੀ ਦੁਰਵਰਤੋਂ ਰੋਕਣ, ਪਾਣੀ ਦੀ ਸ਼ੁੱਧਤਾ ਅਤੇ ਅਤੇ ਕਿਸਾਨਾਂ ਨੂੰ ਉਹ ਫਸਲਾਂ ਬੀਜਣ ਲਈ ਸਲਾਹ ਵੀ ਦੇ ਰਿਹਾ ਹੈ ਕਵੀ ਜਿਹਨਾਂ ਲਈ ਪਾਣੀ ਦੀ ਘੱਟ ਵਰਤੋਂ ਹੋਵੇ।

ਅੱਜ ਸਿਆਸਤ ਮਨੁੱਖ ਤੇ ਭਾਰੂ ਹੈ। ਕੇਵਲ ਰਾਜਨੀਤਕ ਲੋਕ ਹੀ ਨਹੀਂ ਸਗੋਂ ਹਰ ਘਰ, ਮੁੱਹਲੇ, ਸ਼ਹਿਰ ਵਿਚ ਸਿਆਸਤ ਖੇਡੀ ਜਾ ਰਹੀ ਹੈ। ਸਿਆਸਤਦਾਨਾਂ ਵਲੋ ਲੋਕਾਂ ਦਾ ਸੋਸ਼ਣ ਅਤੇ ਮਤਲਬ ਕੱਢਣ ਦੀਆਂ ਗੱਲਾਂ ਵੀ ਪੁਸਤਕ ਵਿਚ ਮਿਲਦੀਆਂ ਹਨ। ਇਸ ਸਬੰਧੀ ਉਸ ਦੀਆਂ ਕਵਿਤਾਵਾਂ ਹਰ ਪਾਸੇ ਤੋਂ ਚੋਣਾਂ, ਵੋਟਾਂ ਪੈਣ ਦਾ ਐਲਾਨ, ਵੋਟਾਂ, ਨੇਤਾ ਤੇ ਦਲਿਤ ਅਤੇ ਦਲਬਦਲੀ ਦੀ ਰੁੱਤ ਵਿੱਚ ਵਾਚਿਆ ਜਾ ਸਕਦਾ ਹੈ। ਪੁਸਤਕ ਵਿਚਲੀ ਕਵਿਤਾ ਅਮਨ ਤੇ ਜੰਗ ਵਿੱਚ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ। ਜੰਗ ਨਾਲ ਤਾ ਕੇਵਲ ਤਬਾਹੀਆਂ, ਨੁਕਸਾਨ ਅਤੇ ਬਰਬਾਦੀਆਂ ਹੀ ਹੋ ਸਕਦੀਆਂ ਹਨ। ਕਵਿਤਾ ਦਾ ਬੰਦ ਕਹਿੰਦਾ ਹੈ ਕਿ -
" ਜੰਗ ਨਾਲ
ਕਦੇ ਕੋਈ ਮਸਲਾ
ਹਲ ਨਹੀਂ ਹੁੰਦਾ।
ਜੰਗ ਨਾਲ
ਕੇਵਲ ਤਬਾਹੀ ਹੁੰਦੀ ਹੈ " (ਪੰਨਾ 60)

ਵਰਲਡ ਪੰਜਾਬੀ ਟਾਈਮਜ਼
ਸਾਬਕਾ ਏ ਐਸ ਪੀ

ਪੁਸਤਕ ਵਿਚ ਗੁਰੂਆਂ ਅਤੇ ਉਹਨਾਂ ਦੀਆਂ ਸ਼ਹੀਦੀਆਂ ਨੂੰ ਵੀ ਅੰਕਿਤ ਕੀਤਾ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦੁਰ ਜੀ ਅਤੇ ਮਾਤਾ ਗੁਜਰੀ ਦੇ ਲਾਲਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਆਉਂਦਾ ਹੈ। ਰੱਬ ਸਭ ਦਾ ਇਕ ਹੈ ਪਰ ਆਦਮੀ ਨੇ ਰੱਬ ਨੂੰ ਵੀ ਵੱਖ ਵੱਖ ਕਰ ਦਿੱਤਾ ਹੈ। ਕੋਈ ਅੱਲ੍ਹਾ, ਕੋਈ ਰਾਮ ਤੇ ਕੋਈ ਵਾਹਿਗੁਰੂ ਦੇ ਨਾਮ ਨਾਲ ਯਾਦ ਕਰਦਾ ਹੈ। ਸਿਰਫ ਆਪਣੇ ਮਨ ਨੂੰ ਸਮਝਾਉਣ ਦੀ ਗੱਲ ਹੈ। ਗ਼ਜ਼ਲ ਇੱਕੋ ਹੈ ਦੇ ਇਕ ਸ਼ਿਅਰ ਵਿਚ ਦਰਜ ਕੀਤਾ ਹੈ –
" ਇੱਕੋ ਹੈ ਭਗਵਾਨ ਤੇ ਅੱਲਾ,
ਫੜ੍ਹ ਲੈ ਆਪਣੇ ਮਨ ਦਾ ਪੱਲਾ।" (ਪੰਨਾ 74)
ਇਸੇ ਤਰ੍ਹਾਂ ਪੁਸਤਕ ਵਿੱਚ ਨਸ਼ੇ ਦੇ ਪਹਿਲੂ ਨੂੰ ਵੀ ਛੋਹਿਆ ਹੈ। ਇਸ ਨਾਲ ਸਬੰਧਤ ਕਵਿਤਾਵਾਂ ਮੁੰਡੇ ਨਸ਼ੇ ਦੇ ਆਦੀ, ਭਾਰਤ ਪਾਕਿ ਸਰਹੱਦ ਉੱਤੇ, ਨਸ਼ੇ ਛੱਡ ਬੰਦਿਆ ਵਿਚ ਚਿੰਤਾ ਅਤੇ ਸਲਾਹ ਮਿਲਦੀ ਹੈ। ਨਸ਼ੇੜੀ ਜਿੱਥੇ ਆਪਣੇ ਸਰੀਰ, ਇੱਜਤ ਅਤੇ ਦਿੱਖ ਦਾ ਨੁਕਸਾਨ ਕਰਦੇ ਹਨ ਉਥੇ ਆਪਣੇ ਮਾਂ ਬਾਪ ਦੀ ਬਦਨਾਮੀ ਵੀ ਕਰਵਾਉਂਦੇ ਹਨ। ਗ਼ਜ਼ਲ ਦਾ ਇਕ ਸ਼ਿਅਰ ਦੇਖੋ –
" ਨਸ਼ਿਆਂ ਨੂੰ ਲੱਗ ਗਏ ਇੱਥੇ ਜਿਨ੍ਹਾਂ ਦੇ ਪੁੱਤ,
ਉਹਨਾਂ ਆਪਣੇ ਮਾਂ ਪਿਓ ਵੀ ਕੀਤੇ ਬਦਨਾਮ।" (ਪੰਨਾ 84)
ਪੁਸਤਕ ਵਿਚ ਧੀਆਂ ਨਾਲ ਸਬੰਧਤ ਕਵਿਤਾਵਾਂ ਵੀ ਮਿਲਦੀਆਂ ਹਨ ਜਿਵੇਂ ਕਿ ਧੀਆਂ, ਕੁੜੀਆਂ, ਨੂੰਹਾਂ, ਸੋਚਾਂ ਸੌੜੀਆਂ ਅਤੇ ਧੀਆਂ ਦੀ ਲੋਹੜੀ ਆਦਿ। ਲੇਖਕ ਵਲੋ ਪੁਸਤਕ ਵਿਚਲੀਆਂ ਬੋਲੀਆਂ ਦਾ ਵੀ ਇਹੀ ਸਾਰੰਸ਼ ਮਿਲਦਾ ਹੈ।
ਲੇਖਕ ਪੁਸਤਕ ਰਾਹੀਂ ਅਜੋਕੇ ਦੌਰ ਦੀ ਸਚਾਈ ਪੇਸ਼ ਕਰਦਾ ਹੈ। ਇਹ ਸਾਰਾ ਕੁਝ ਦਿਖਾਈ ਦੇ ਰਿਹਾ ਹੈ। ਕੁਝ ਵੀ ਓਹਲਾ ਨਹੀਂ ਹੈ। ਕਵਿਤਾਵਾਂ ਦੀ ਭਾਸ਼ਾ ਸਰਲ ਅਤੇ ਸਹਿਜ ਹੈ। ਵਰਤਮਾਨ ਸਥਿਤੀ ਮੁਤਾਬਕ ਵਿਸ਼ਾ ਚੋਣ ਕੀਤੀ ਗਈ ਹੈ। ਇਸ ਪੁਸਤਕ ਨੂੰ ਕੇਵਲ ਪੜ੍ਹਨਯੋਗ ਹੀ ਨਹੀਂ ਸਗੋਂ ਅਮਲ ਕਰਨ ਯੋਗ ਵੀ ਕਿਹਾ ਜਾ ਸਕਦਾ ਹੈ। ਲੇਖਕ ਨੇ ਆਪਣਾ ਯਤਨ ਕੀਤਾ ਹੈ ਅਮਲ ਕਰਨਾ ਪਾਠਕਾਂ ਦੇ ਜਿੰਮੇ ਆਉਂਦਾ ਹੈ।